"ਦਸਮੇਸ਼ ਪੁਸ਼ਤਾ"

ਉਸ ਪ੍ਰਕਾਸ਼ ਉਪ



ਦਸਮੇਸ਼ ਪੁਜਾਰੀ

ਓਮ ਪ੍ਰਕਾਸ਼ 'ਓਮ'

—:ਪ੍ਰਕਾਸ਼ਕ:—

ਓਮ ਪ੍ਰਕਾਸ਼ 'ਓਮ' C/o

ਤਾਰਾ ਚੰਦ 'ਆਜ਼ਾਦ', 'ਆਜ਼ਾਦ ਕਵੀ ਕੁਟੀਆ',

ਆਰਾਮ ਨਗਰ, ਨਵੀਂ ਦਿੱਲੀ

ਪਹਿਲੀ ਵਾਰ ਮਈ ੧੯੫੪

ਮੁਲ ੧॥)

ਪ੍ਰਿੰਟਰ—"ਨਵ ਯੁਗ ਪ੍ਰੈਸ" ਚਾਂਦਨੀ ਚੌਕ, ਦਿੱਲੀ

ਪ੍ਰਕਾਸ਼ਕ—ਓਮ ਪ੍ਰਕਾਸ਼ 'ਓਮ' C/o ਤਾਰਾ ਚੰਦ 'ਆਜ਼ਾਦ',

ਆਜ਼ਾਦ ਕਵੀ ਕੁਟੀਆ, ਆਰਾਮ ਨਗਰ,

ਨਵੀਂ ਦਿੱਲੀ ।

ਭੇਟਾ

ਏਹ ਕੁਝ ਤੋਤਲੀਆਂ ਗੱਲਾਂ ਪੂਜਜ ਮਾਤਾ ਪਿਤਾ ਜੀ ਦੇ ਪਵਿਤਰ ਚਰਨਾਂ ਵਿਚ ਭੇਟ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਬੜੇ ਲਾਡ ਨਾਲ ਕੁਛੜ ਚੁਕ ਕੇ ਤੋਤਲੀਆਂ ਗੱਲਾਂ ਸਿਖਾਈਆਂ ਤੇ ਸੁਣ ਕੇ ਹੱਸਦੇ ਰਹੇ ਤੇ ਹੱਸ ਰਹੇ ਨੇ, ਜਿਨ੍ਹਾਂ ਦੀਆਂ ਅਸੀਸਾਂ ਦਾ ਸਦਕਾ ਮੇਰੇ ਦੁਖ ਵੀ ਸੁਖ ਦਾ ਰੂਪ ਧਾਰ ਲੈਂਦੇ ਨੇ।

'ਓਮ'

ਕੀ ਕਿਥੇ

ਜਾਣ ਪਛਾਣ

ਇਸ ਤੋਂ ਪਹਿਲਾਂ ਕਿ ਮੈਂ ਓਮ ਪ੍ਰਕਾਸ਼ ਜੀ 'ਓਮ' ਦੀ ਕਵਿਤਾ ਬਾਰੇ ਕੁਝ ਲਿਖਾਂ, 'ਓਮ' ਜੀ ਦੀ ਮੁਕੱਮਲ ਜਾਣ ਪਛਾਣ ਕਰਾਣੀ ਜ਼ਰੂਰੀ ਸਮਝਦਾ ਹਾਂ ਕਿਉਂਕਿ ਇਹ ਪੰਜਾਬੀ ਮਾਂ ਦਾ ਅਨਮੁੱਲਾ ਹੀਰਾ ਘਟੋਗੀ ਝਮੇਲਿਆਂ ਦੇ ਕਾਰਨ ਬਹੁਤ ਹੀ ਘੱਟ ਪੰਜਾਬੀ ਜ਼ਬਾਨ ਦੇ ਪਿਆਰਿਆਂ ਦੇ ਸਾਹਮਣੇ ਆਇਆ ਹੈ ਤੇ ਸ਼ੁਰੂ ਤੋਂ ਹੀ ਪੰਜਾਬ ਦੀ ਪਾਕ ਪਵਿਤਰ ਧਰਤੀ ਤੋਂ ਦੂਰ ਰਹਿ ਕੇ ਪੰਜਾਬੀ ਜ਼ਬਾਨ ਦੇ ਗੀਤ ਗਾਉਂਦਾ ਤੇ ਗਾ ਰਿਹਾ ਹੈ ਵਜਾ ?

(ਸਰਕਾਰੀ ਨੌਕਰੀ)

'ਓਮ' ਜੀ ਦਾ ਜਨਮ 1-12-1923 ਨੂੰ ਪਿੰਡ ਚੁਟਾਲਾ ਜ਼ਿਲਾ ਜੇਹਲਮ ਪੱਛਮੀ ਪੰਜਾਬ ਵਿਚ ਸ੍ਰੀ ਮਾਨ ਡਾ: ਬੋਧ ਰਾਜ ਜੀ 'ਸਾਹਨੀ, ਦੇ ਘਰ ਹੋਇਆ। ਡਾਕਟਰ ਸਾਹਿਬ ਪੰਜਾਬੀ, ਉਰਦੂ, ਹਿੰਦੀ ਦੇ ਉੱਚ ਦਿਮਾਗ ਕਵੀ ਹਨ ਭਾਵੇਂ ਸਟੇਜੀ ਕਵੀ ਨਹੀਂ ਤੇ ਨਾ ਹੀ ਇਹਨਾਂ ਦੀ

ਰੋਈ ਰਚਨਾਂ ਹੀ ਹੁਣ ਤਕ ਛਪ ਸਕੀ ਹੈ। ਤਾਂ ਵੀ ਜਿਥੋਂ ਤੀਕ ਮੈਨੂੰ ਵਾਕਫ਼ੀਅਤ ਹੈ, ਇਹਨਾਂ ਦੀ ਕਵਿਤਾ, ਕਵਿਤਾ ਦੀ ਕਸੱਵਟੀ ਤੇ ਪਾਸੇ ਦੇ ਸੋਨੇ ਵਾਂਗ ਸ਼ੁੱਧ ਉਤਰਦੀ ਹੈ ਤੇ ਇਉਂ ਜਾਪਦਾ ਹੈ ਜਿਵੇਂ:—'ਓਮ' ਜੀ ਨੂੰ ਕਵਿਤਾ ਦੀ ਦਾਤ ਪਿਤਾ ਜੀ ਕੋਲੋਂ ਜਮਦਿਆਂ ਹੀ ਗੁੜ੍ਹਤੀ ਵਿਚ ਪ੍ਰਾਪਤ ਹੋਈ ਹੈ।

ਕੁਝ ਚਿਰ 'ਓਮ' ਜੀ ਭਿੱਖੀ ਪਿੰਡ, ਜਿਹੜਾ ਕਿ ਮੰਡੀ ਬਹਾਉਲਦੀਨ (ਜ਼ਿਲਾ ਗੁਜਰਾਤ) ਤੋਂ ਅੱਠ ਮੀਲ ਦੀ ਦੂਰੀ ਤੇ ਹੈ ਉਥੇ ਵੀ ਸਣੇ ਪ੍ਰਵਾਰ ਟਿਕੇ ਰਹੇ। ਤੇ ਅਚਨਚੇਤ ਹੀ ਇਹਨਾਂ ਨੂੰ ਦਾਣੇ ਪਾਣੀ ਨੇ ਮਿਕਨਾਤੀਸ ਵਾਂਗੂ ਕਰਾਚੀ, ਸਮੁੰਦਰ ਦੇ ਕੰਢੇ ਖਿਚ ਲਿਆ।

ਸਮੁੰਦਰ ਦੀਆਂ ਲਹਿਰਾਂ ਤੇ ਕੁਦਰਤੀ ਨਜ਼ਾਰਿਆਂ ਨੇ 'ਓਮ' ਦੀ ਕਵਿਤਾ ਨੂੰ ਹੋਰ ਵੀ ਨਵੀਂ ਤਾਜ਼ੀ ਜ਼ਿੰਦਗੀ ਬਖ਼ਸ਼ੀ, ਤੇ ਜਿਵੇਂ ਸਮੁੰਦਰ ਆਪਣੀਆਂ ਲਹਿਰਾਂ ਤੇ ਛੱਲਾਂ ਨਾਲ ਆਪਣੀ ਤਹਿ ਵਿਚੋਂ ਅਨਮੁੱਲੇ ਮੋਤੀ ਓਗਲ ਦੇਂਦਾ ਹੈ, ਏਸੇ ਤਰ੍ਹਾਂ ਹੀ 'ਓਮ' ਦੇ ਦਿਲ ਤੇ ਦਿਮਾਗ਼ ਰੂਪੀ ਸਮੁੰਦਰ ਦੀ ਤਹਿ ਵਿਚੋਂ ਕਵਿਤਾ ਰੂਪੀ ਲਹਿਰਾਂ ਨਾਲ ਅਨਮੁੱਲੇ ਮੋਤੀ ਆਪ ਮੁਹਾਰੇ ਹੀ ਨਿਕਲ ਨਿਕਲ ਕੇ ਮਾਲਾ ਦਾ ਰੂਪ ਬਨ ਕੇ ਪੰਜਾਬੀ ਰਾਣੀ ਦੇ ਗਲੇ ਦਾ ਹਾਰ ਬਣਦੇ ਗਏ।

ਕਰਾਚੀ ਵਿਚ ਵੀ ਕਾਫ਼ੀ ਲਿਖਾਰੀ ਤੇ ਪੰਜਾਬੀ ਜ਼ਬਾਨ ਦੇ ਕਦਰਦਾਨਾਂ ਨੇ 'ਓਮ' ਜੀ ਨੂੰ ਮਿਲਵਰਤਨ ਬਖ਼ਸ਼ਿਆ ਤੇ ਉਥੋਂ ਦੇ ਕੁਝ ਚੰਗੇ ਚੋਨਵਿਆਂ ਕਵੀਆਂ ਨੇ ਇਕ 'ਪੰਜਾਬੀ ਕਵੀ ਮਾਲਾ' ਬਨਾਈ ਜੇਹੜੀ ਮਾਲਾ ਵਿਚ ਇਹ ਇਕ ਅਨਮੁੱਲਾ ਮਨਕਾ ਵੀ ਪਰੁਚ ਗਿਆ ਕਵੀ ਮਾਲਾ ਦੇ ਪ੍ਰਧਾਨ ਸ੍ਰ: ਮਖਨ ਸਿੰਘ ਜੀ 'ਮੁਸ਼ਤਾਕ' ਚੋਖਾ ਸਮਾਂ ਪ੍ਰਧਾਨਗੀ ਦੀ ਸੇਵਾ ਨਿਭਾਂਦੇ ਰਹੇ।

ਸੰਨ ੧੯੪੬ ਵਿਚ ਪੰਜਾਬੀ ਕਵੀ ਮਾਲਾ ਨੇ ਖ਼ਾਲਕ ਦੀਨ ਹਾਲ ਕਰਾਚੀ ਵਿਚ ਇਕ ਉਹ ਕਵੀ ਦਰਬਾਰ ਕੀਤਾ ਜਿਦ੍ਹੀ ਯਾਦ ਅਜ ਵੀ ਕਰਾਚੀ ਦੇ ਸਮੁੰਦਰ ਦੀਆਂ ਲਹਿਰਾਂ ਵਿਚ ਗੂੰਜ ਰਹੀ ਹੈ ਉਸ ਕਵੀ ਦਰਬਾਰ ਵਿਚ ਪੰਜਾਬ ਦੇ ਚੋਣਵੇਂ ਉਸਤਾਦ ਕਵੀਆਂ ਦੇ ਨਾਲ ਦਾਸ ਨੂੰ ਵੀ ਉਚੇਚੇ ਤੌਰ ਤੇ ਸੱਦਾ ਪੱਤਰ ਘਲਿਆ ਗਿਆ ਪੰਜਾਬ ਵਿਚੋਂ ਬਾਗ਼ੀ ਜੀ, ਸਾਬਰ ਜੀ, ਨੂਰਪੁਰੀ ਜੀ, ਹਮਦਮ ਜੀ, ਦਾਮਨ ਜੀ ਤੇ ਰੇਡੀਓ ਸਿੰਗਰ ਸਾਈਂ ਦੀਵਾਨਾ ਜੀ ਤੇ ਦਾਸ ਪੁਜੇ।

ਸੰਨ ੧੯੪੭ ਦੇ ਸ਼ੁਰੂ ਵਿਚ ਹੀ ਕਵੀ ਮਾਲਾ ਦੇ ਕਵੀਆਂ ਦੀ ਚੋਣ ਵਿਚ 'ਮੁਸ਼ਤਾਕ' ਜੀ ਤੇ ਗਿਆਨੀ ਅਜੀਤ ਸਿੰਘ 'ਜੀਤ' ਤੇ ਬਾਕੀ ਮੈਂਬਰਾਂ ਨੇ 'ਓਮ' ਜੀ ਨੂੰ ਸੈਕਟਰੀ ਚੁਣ ਲਿਆ, ਉਸ ਤੋਂ ਬਾਅਦ ਛੇਤੀ ਹੀ ਇਨਕਲਾਬੀ ਹਨੇਰੀ ਝੁਲ ਪਈ, ਰੱਬੀ ਕਹਿਰ ਨੇ ਦੇਸ਼ ਦੇ ਟੁਕੜੇ ਕਰ ਦਿਤੇ, ਏਸੇ ਹੀ ਤੂਫ਼ਾਨ ਵਿਚ ਕਵੀ ਮਾਲਾ ਵੀ ਟੁੱਟ ਗਈ ਤੇ ਮਣਕੇ ਖਿੱਲਰ ਪੁਲਰ ਗਏ। ਓਮ ਜੀ ਕਰਾਚੀ ਦੀ ਧਰਤੀ ਨੂੰ ਪ੍ਰਨਾਮ ਕਰਕੇ ਜਬਲ ਪੁਰ, (ਸੀ. ਪੀ.) ਆ ਗਏ। ਕਵਿਤਾ ਦਾ ਸਨਬੰਧ ਸੁਆਸਾਂ ਨਾਲ ਫੁਲ-ਖ਼ੁਸ਼ਬੂ ਵਾਂਗ ਅਟੁਟ ਰਿਹਾ, ਉਮਰ ਤੇ ਤਜਰਬੇ ਦੇ ਨਾਲ ਨਾਲ ਕਵਿਤਾ ਜਵਾਨ ਹੁੰਦੀ ਚਲੀ ਗਈ। ਉਥੇ ਵੀ ਪੰਜਾਬੀ ਮਾਂ ਦੀ, ਪੰਜਾਬ ਤੇ ਪੰਥ ਦੀ ਸੇਵਾ ਕਰਦੇ ਰਹੇ। ਦਾਣੇ ਪਾਣੀ ਨੇ ਉਥੇ ਵੀ ਨਾ ਟਿਕਨ ਦਿਤਾ। ਅਜ ਕਲ ਪੂਨੇ, ਵਿਚ ਰਹਿ ਕੇ ਪੰਜਾਬ ਦੀ ਪਾਕ ਪਵਿਤਰ ਧਰਤੀ ਦੀ ਮੱਟੀ ਨੂੰ ਤਰਸ ਰਹੇ ਨੇ।

ਓਮ ਜੀ ਸ਼ੁਰੂ ਤੋਂ ਹੀ ਧਾਰਮਕ ਖਿਆਲਾਂ ਦੇ ਹਾਮੀ ਹਨ। ਜਿਥੇ ਇਹਨਾਂ ਦੇ ਦਿਲ ਵਿਚ ਗੁਰੂ ਘਰ ਦੀ ਸ਼ਰਧਾ ਤੇ ਦਾਤਾਰ ਦਾ ਭਰੋਸਾ ਕੁੱਟ ਕੁੱਟ ਕੇ ਭਰਿਆ ਹੋਇਆ ਹੈ, ਉਥੇ ਆਪਣੇ ਪੰਜਾਬ ਦੀ

ਧਰਤੀ ਤੇ ਜਨਮ ਭੂਮੀ ਦੀ ਮਿਟੀ ਮੱਥੇ ਤੇ ਲਾਣ ਦੀ ਤੜਪ ਵੀ ਤੜਪ ਰਹੀ ਹੈ । 'ਦਸਮੇਸ਼ ਪੁਜਾਰੀ' ਪੁਸਤਕ ਓਮ ਜੀ ਦੇ ਦਿਲੀ ਜਜ਼ਬਾਤ ਤੇ ਅੰਦਰੂਨੀ ਭਾਵਾਂ ਦੀ ਪ੍ਰਤੱਖ ਤਸਵੀਰ ਹੈ। ਕਵੀ ਦੀ ਹਰ ਸਤਰ ਵਿਚੋਂ ਸ਼ਰਧਾ ਤੇ ਗੁਰੂ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ। ਗੁਰੂ ਨਾਨਕ ਦੇ ਚਰਨਾਂ ਦਾ ਭੌਰਾ ਗੁਰੂ ਨਾਨਕ ਦੇ ਚਰਨਾਂ ਵਿਚ ਦੁਨੀਆਂ ਦੇ ਸੁਖ ਵੇਖਦਾ ਹੋਇਆ ਲਿਖਦਾ ਹੈ:—

ਤੇਰੇ ਚਰਨਾਂ ਦੇ ਵਿਚ ਮਸਤੀ ਏ,
ਚਰਨਾਂ ਵਿਚ ਛਲਕਨ ਜਾਮ ਪਏ।
ਤੇਰੇ ਚਰਨਾਂ ਵਿਚ ਸੁਖ ਦੁਨੀਆਂ ਦੇ,
ਕਰਦੇ ਨੇ ਅਜ ਬਿਸਰਾਮ ਪਏ।

ਦੇਸ਼ ਦੀ ਵੰਡ ਦੇ ਸਮੇਂ ਜਿਨ੍ਹਾਂ ਲਾੜਿਆਂ ਨੇ ਸਿਰੀਂ ਸਿਹਰੇ ਬੰਨ੍ਹ ਕੇ ਆਜ਼ਾਦੀ ਰਾਣੀ ਨੂੰ ਵਰਨ ਲਈ ਤਨ, ਮਨ, ਧਨ ਤੇ ਪ੍ਰਵਾਰ ਦੀਆਂ ਕੁਰਬਾਨੀਆਂ ਦਿਤੀਆਂ, ਉਹਨਾਂ ਦੀ ਯਾਦ 'ਆਜ਼ਾਦੀ ਦੀ ਡੋਲੀ' ਕਵਿਤਾ ਵਿਚ ਕਵੀ ਬੜੇ ਅਨੋਖੇ ਢੰਗ ਨਾਲ ਬਿਆਨ ਕਰਦਾ ਹੈ ਤੇ ਆਜ਼ਾਦੀ ਨੂੰ ਸੰਬੋਧਨ ਕਰਦਾ ਹੋਇਆ ਲਿਖਦਾ ਹੈ।

ਪੰਜਾਂ ਪਾਂਡੂਆਂ ਦੀ ਅਮਾਨਤ ਗਵਾਈ,
ਕਟਾਸੇ ਦਾ ਤੀਰਥ ਵੀ ਹਥੀਂ ਗਵਾਇਆ।
ਮੈਂ ਸੁੱਤੇ ਹੋਏ ਨਾਲ ਕੀਤਾ ਏ ਧੋਖਾ,
ਗੜ੍ਹੀ ਸ਼ੇਰ ਦੀ ਨੂੰ ਹੈ ਕੈਦੀ ਬਣਾਇਆ।
ਤੇ ਦੁਨੀਆਂ ਦੇ ਸਾਈਂ ਜਹਾਨਾਂ ਦੇ ਵਾਲੀ,
ਦਾ ਨਨਕਾਣਾ ਸਾਹਿਬ ਤੇ ਪੰਜਾ ਲੁਟਾਇਆ।
ਤਾਂ ਦਿਲੀ ਦੇ ਸੋਹਣੇ ਕਿਲ੍ਹੇ ਲਾਲ ਉਤੇ,
ਮੈਂ ਰਾਣੀ ਹੈ ਤੇਰਾ ਸੰਘਾਸਨ ਜਮਾਇਆ।

ਆਜ਼ਾਦੀ ਦਾ ਆਸ਼ਕ ਉਜੜ ਪੁਜੜ ਕੇ ਵੀ ਤਬਾਹ ਹੋ ਕੇ ਵੀ ਓਹਦੀ ਖ਼ੈਰ ਮੰਗਦਾ ਹੋਇਆ ਕਹਿੰਦਾ ਹੈ:—

ਤੂੰ ਫੁਲਦੀ ਤੇ ਫਲਦੀ ਰਵ੍ਹੇਂ ਜੱਗ ਅੰਦਰ,
ਤੇਰੇ ਬੁਲ੍ਹਾਂ ਉਤੇ ਨਾ ਫ਼ਰਯਾਦ ਵੇਖਾਂ।
ਸਦਾ 'ਓਮ' ਬਰਬਾਦ ਹੋਵਾਂ ਮੈਂ ਭਾਵੇਂ,
ਤੇਰੀ ਗੋਦ ਰਾਣੀ ਦੀ ਆਬਾਦ ਵੇਖਾਂ।

ਮੈਂ ਆਪਣੀ "ਤੇਗਾਂ ਦੀ ਛਾਵੇਂ" ਪੁਸਤਕ ਵਿਚ 'ਸੁਪਨੇ ਵਿਚ' ਕਵਿਤਾ ਲਿਖੀ ਹੈ, ਇਹ ਕਵਿਤਾ ਇਕ ਸੋਨੇ ਦਾ ਮੈਡਲ ਇਨਾਮ ਪਰਾਪਤ ਕਰ ਚੁਕੀ ਹੈ। ਮੈਂ ਇਸ ਵਿਚ ਸ਼ੇਰੇ ਪੰਜਾਬ ਨੂੰ ਪੰਜਾਬ ਤੇ ਉਜੜੇ ਪੰਜਾਬੀਆਂ ਦੇ ਕੀਰਨੇ ਸੁਣਾਏ ਨੇ ਤੇ ਅਗੋਂ ਸ਼ੇਰੇ ਪੰਜਾਬ ਨੇ ਮੈਨੂੰ ਕੁਝ ਸਚੀਆਂ ਸਚੀਆਂ ਤੇ ਖਰੀਆਂ ਖਰੀਆਂ ਸੁਣਾਈਆਂ ਨੇ। 'ਓਮ' ਜੀ ਨੇ ਉਹਦੇ ਜਵਾਬ ਵਿਚ ਸ਼ੇਰੇ 'ਪੰਜਾਬ ਨੂੰ ਸੁਨੇਹਾ' ਕਵਿਤਾ ਲਿਖੀ ਹੈ ਤੇ ਸ਼ੇਰੇ ਪੰਜਾਬ ਦੀ ਰੂਹ ਨਾਲ ਇਕਰਾਰ ਕੀਤਾ ਹੈ ਕਿ:—

ਚਾਕਰ ਤੇਰੀ ਕੌਮ ਦਾ ਮੈਂ ਕਵੀ ਹਾਂ,
ਮੈਂ ਰਾਵੀ ਤਰਾਂਗਾ ਤੇ ਲੱਖਾਂ ਤਰਾਸਾਂ।
ਮੇਰੀ ਮੌਤ ਅੰਦਰ ਹੈ ਜੀਵਨ ਨਿਰਾਲਾ,
ਮੈਂ ਆਪੂੰ ਮਰਾਂਗਾ ਤੇ ਲੱਖਾਂ ਜਵਾਸਾਂ।

'ਲਭੇ ਨਾ ਮਿਸਾਲ ਦਸਮੇਸ਼ ਜੀ ਦੇ ਨਾਲ ਦੀ', ਇਹ ਕਵਿਤਾ ਪੂਨੇ, ਵਿਚ ਹੋਏ ਇਕ ਇਨਾਮੀ ਕਵੀ ਦਰਬਾਰ ਵਿਚ ਪਹਿਲੇ ਦਰਜੇ ਦਾ ਇਨਾਮ ਵੀ ਪ੍ਰਾਪਤ ਕਰ ਚੁਕੀ ਹੈ।

ਓਮ ਜੀ ਦੀਆਂ ਸਾਰੀਆਂ ਕਵਿਤਾ ਪੜ੍ਹਨ ਯੋਗ ਨੇ, ਕਿਹੜੀ ਕਿਹੜੀ ਕਵਿਤਾ ਬਾਰੇ ਲਿਖਾਂ, ਇਕ ਤੋਂ ਇਕ ਵੱਧ ਨੇ। ਮੈਂ ਆਸ ਕਰਦਾ ਹਾਂ ਕਿ ਪੰਜਾਬੀ ਜ਼ਬਾਨ ਦੇ ਭੌਰੇ ਇਸ ਉਚੇ ਇਰਾਦੇ ਵਾਲੇ ਕਵੀ ਦੇ ਜਜ਼ਬਾਤਾਂ ਨੂੰ ਸਮਝਦੇ ਹੋਏ ਏਹਦੀ ਪੁੱਜ ਕੇ ਹੌਂਸਲਾ ਅਫ਼ਜ਼ਾਈ ਕਰਨਗੇ ਤੇ ਅਗੋਂ ਵੀ ਪੰਜਾਬੀ ਮਾਤਾ ਦੀ ਸੇਵਾ ਕਰਨ ਦਾ ਉਤਸ਼ਾਹ ਬਖਸ਼ਣਗੇ।

ਅੰਤ ਵਿਚ ਮੈਂ ਓਮ ਜੀ ਨੂੰ ਏਹਨਾਂ ਦੇ ਇਸ ਪਹਿਲੇ ਉਦਮ ਦੀ ਵਧਾਈ ਅਤੇ ਅਸ਼ੀਰਵਾਦ ਦੇਂਦਾ ਹੋਇਆ ਦਾਤੇ ਦੇ ਪਵਿਤਰ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਉਹ ਇਹਦੇ ਸਿਰ ਤੇ ਸਦਾ ਈ ਮਿਹਰ ਭਰਿਆ ਹਥ ਰਖੇ ਤੇ ਕਲਮ ਵਿਚ ਇਸ ਤੋਂ ਵੀ ਚੌਣੀ ਤਾਕਤ ਬਖ਼ਸ਼ੇ ਤਾਂ ਜੋ ਏਹ ਬਾਕੀ ਦਾ ਜੀਵਨ ਵੀ ਦਾਤੇ ਦੇ ਗੁਣ ਗਾਉਂਦਾ ਤੇ ਪੰਜਾਬੀ ਮਾਂ ਦੀ ਸੇਵਾ ਕਰਦਾ ਬਿਤਾਏ।

ਤਾਰਾ ਚੰਦ 'ਆਜ਼ਾਦ'
ਆਜ਼ਾਦ ਕਵੀ ਕੁਟੀਆ ਆਰਾਮ ਨਗਰ,
ਨਵੀਂ ਦਿੱਲੀ

15–5–54

ਆਪਣੇ ਵਲੋਂ ਤਿਲ ਫੁਲ

ਮੈਨੂੰ ਇਸ ਤਰ੍ਹਾਂ ਭਾਸਦਾ ਹੈ ਕਿ ਕਵਿਤਾ ਦੀ ਤੇ ਮੇਰੇ ਸਵਾਸਾਂ ਦੀ ਸਾਂਝ ਜਨਮ ਤੋਂ ਹੀ ਤੁਰੀ ਆਉਂਦੀ ਹੈ ਤੇ ਆਸ ਹੈ ਕਿ ਮਰਨ ਤਕ ਤੁਰੀ ਰਵ੍ਹੇਗੀ। ਇਹ ਗੁਣ ਦਾਸ ਨੂੰ ਪਿਤਾ ਜੀ ਤੋਂ ਜਮਦਿਆਂ ਹੀ ਪਰਾਪਤ ਹੋਇਆ ਹੈ।


ਅਚਾਨਕ ਹੀ ਮੇਰੇ ਜੀਵਨ ਦਾ ਯੁਗ ਪਲਟਿਆ ਤੇ ਸ਼੍ਰੀ ਤਾਰਾ ਚੰਦ ਜੀ 'ਆਜ਼ਾਦ' ਨੂੰ ਉਸਤਾਦ ਧਾਰਨ ਕੀਤਾ। ਮੇਰੇ ਪਿਤਾ ਜੀ ਦੀ ਕਲਮ ਤੋਂ 'ਵਧਾਈ' ਕਵਿਤਾ ਇਸ ਪੁਸਤਕ ਵਿਚ ਦਰਜ ਹੈ ਅਤੇ ਉਸਤਾਦ ਜੀ ਦੀ 'ਤੇਗ਼ਾਂ ਦੀ ਛਾਵੇਂ' ਪੁਸਤਕ ਏਹਨਾਂ ਦੇ ਮੂੰਹ ਬੋਲਦੀ ਤਸਵੀਰ ਹੈ। ਦਾਸ ਨੇ ਪੰਜਾਬ, ਪੰਜਾਬੀ ਤੇ ਪੰਥ ਨੂੰ ਸਦਾ ਹੀ ਪਹਿਲਾ ਫ਼ਰਜ਼ ਜਾਣਿਆਂ ਤੇ ਹੁਣ ਵੀ ਜਾਣਦਾ ਹੈ ਤੇ ਪ੍ਰਾਰਥਕ ਹਾਂ ਕਿ ਮਰਦੇ ਦਮ ਤਕ ਇਸ ਫ਼ਰਜ਼ ਦੀ ਅਦਾਇਗੀ ਮੇਰੇ ਸਵਾਸਾਂ ਨਾਲ ਨਿਭੇ।

ਪੂਜਜ ਮਾਤਾ ਪਿਤਾ ਜੀ ਦੀਆਂ ਮਿਠੀਆਂ ਲੋਰੀਆਂ, 'ਆਜ਼ਾਦ' ਜੀ ਦੀਆਂ ਸੰਨ ੧੯੪੦ ਦੀਆਂ ਖ਼ੂਨ ਨਾਲ ਲਿਖ ਕੇ ਦਿਤੀਆਂ ਅਸੀਸਾਂ ਤੇ ਸੰਗਤਾਂ ਦੇ ਹਥੋਂ ਸਟੇਜਾਂ ਤੇ ਕੀਤੀ ਗਈ ਹੌਂਸਲਾ ਅਫ਼ਜ਼ਾਈ ਦੇ ਸਦਕੇ ਦਾਸ ਆਪਣੇ ਜੀਵਨ ਨੂੰ ਦੋ ਕਸਟਵੀਆਂ ਤੇ ਪਰਖਨ ਤੋਂ ਬਾਅਦ ਕਿਤਾਬੀ ਜੀਵਨ ਦਾ ਪਹਿਲਾ ਵਰਕਾ 'ਦਸਮੇਸ਼ ਪੁਜਾਰੀ' ਬੜੀਆਂ ਆਸਾਂ ਤੇ ਸਧਰਾਂ ਨਾਲ ਪੰਜਾਬੀ ਪਿਆਰਿਆਂ ਨੂੰ ਭੇਟਾ ਕਰਦਾ ਹੈ। ਆਸ ਹੈ ਕਿ ਪੰਜਾਬੀ ਜ਼ਬਾਨ ਦੇ ਭੌਰੇ ਇਸ ਮੇਰੀ ਪਹਿਲੀ ਭੇਂਟ ਨੂੰ ਫੁਲ ਜਾਣ ਕੇ ਰਸ ਲੈਣਗੇ ਤੇ ਮੇਰੀ ਕੰਡ ਤੇ ਹਥ ਰਖਣਗੇ ਤਾਂ ਜੋ ਫੇਰ ਵੀ ਸਾਹਮਣੇ ਆਉਣ ਦਾ ਹੌਂਸਲਾ ਕਰ ਸਕਾਂ। 20-5-54

ਮੈਂ ਹਾਂ, ਪੰਜਾਬ, ਪੰਜਾਬੀ ਤੇ ਪੰਥ ਦਾ ਸੇਵਾਦਾਰ

ਓਮ ਪ੍ਰਕਾਸ਼ 'ਓਮ' C/o
ਤਾਰਾ ਚੰਦ 'ਆਜ਼ਾਦ'
ਆਜ਼ਾਦ ਕਵੀ ਕੁਟੀਆ, ਆਰਾਮ ਨਗਰ,
ਨਵੀਂ ਦਿੱਲੀ

ਦਸਮੇਸ਼ ਪੁਜਾਰੀ



ਦਸਮੇਸ਼ ਪੁਜਾਰੀ

ਮੈਂ ਰਹਿਮਤ ਨੂੰ ਪਾਇਆ ਤੇ ਪਾਈਆਂ ਮੁਰਾਦਾਂ,
ਜਦੋਂ ਉਹਦੇ ਦਰ ਤੇ ਸੀ ਝੋਲੀ ਖਿਲਾਰੀ।
ਮੇਰੇ ਲਈ ਨੇ ਵਾਰੇ ਜਿਨ੍ਹੇ ਲਾਲ ਚਾਰੇ,
ਮੈਨੂੰ ਨਾਮ ਉਹਦੇ ਦੀ ਰਹਿੰਦੀ ਖ਼ੁਮਾਰੀ।
ਸਦਾ ਗੀਤ ਗਾਵਾਂ ਤੇ ਮੱਥਾ ਝੁਕਾਵਾਂ,
ਜਿਦ੍ਹੇ ਸੀਸ ਉਤੇ ਹੈ ਕਲਗ਼ੀ ਪਿਆਰੀ।
ਹਜ਼ਾਰਾਂ ਦਰਾਂ ਦੀ ਮੈਂ ਮਿੱਟੀ ਹੈ ਛਾਣੀ,
ਤਾਂ ਦਸਮੇਸ਼ ਦਾਤੇ ਦਾ ਬਣਿਆਂ ਪੁਜਾਰੀ।

'ਉਮ'

ਦਸਮ ਪਿਤਾ ਦੇ ਆਗਮਨ ਦੀ ਵਧਾਈ

(ਮੇਰੇ ਪੂਜਯ ਪਿਤਾ ਡਾ: ਬੋਧ ਰਾਜ ਜੀ 'ਬੋਧ' ਦੀ ਕਲਮ ਤੋਂ)

ਵਾਹ ਵਾਹ ਆਈ ਬਹਾਰ ਗੁਲਜ਼ਾਰ ਅੰਦਰ,
ਠੰਡਾ ਠਾਰ ਸਰਸ਼ਾਰ ਸੰਸਾਰ ਹੋਇਆ।
ਪੀਆ ਪੀਆ ਪੁਕਾਰੇ ਪਪੀਹਾ ਪਿਆਸਾ,
ਆਸਾ ਧੁਰ ਦੀ ਰਖ ਤਿਆਰ ਹੋਇਆ।
ਕੋਇਲ ਖੋਹਲ ਮਿਨਕਾਰ ਪੁਕਾਰ ਦੇ ਨਾਲ,
ਬੋਲ ਢੋਲ ਦੇ ਬੋਲ ਸ਼ਰਸਾਰ ਹੋਇਆ।
ਦਾਦੁਰ ਆਦਰ ਦੇ ਨਾਲ ਵਿਛਾ ਚਾਦਰ,
ਕਾਦਰ ਕਾਦਰ ਹੀ ਮੁਖੋਂ ਪੁਕਾਰ ਹੋਇਆ।

ਦਸ ਖਾਂ ਬੁਲਬੁਲੇ ਬੈਠੀਏ ਫੁਲ ਉਤੇ,
ਸ਼ੁਰੂ ਕਿਵੇਂ ਹੈ ਮੇਘ ਮਲਹਾਰ ਹੋਇਆ।
ਅਗੋਂ ਹਸ ਕੇ ਦਿਤੀ ਵਧਾਈ ਬੁਲਬੁਲ,
ਕਲਗੀ ਵਾਲੇ ਦਾ ਅਜ ਅਵਤਾਰ ਹੋਇਆ।

—·0—

ਤੂੰ ਰੂਪ ਹੈਂ ਕਰਤਾਰ ਦਾ

ਹਰ ਫੁਲ ਖਿੜ ਕੇ ਹੱਸਦਾ,
ਦਾਤਾ ਤੇਰੇ ਗੁਲਜ਼ਾਰ ਦਾ।
ਕੋਇਲ ਹੈ ਬਾਗ਼ੀਂ ਕੂਕਦੀ,
ਗਾ ਗੀਤ ਅਜ ਮਲਹਾਰ ਦਾ।
ਕਾਦਰ ਹੀ ਕਾਦਰ ਬੋਲ ਕੇ,
ਦਾਦੁਰ ਹੈ ਸੀਨਾ ਠਾਰਦਾ।
ਬੁਲਬੁਲ ਹੈ ਨਗ਼ਮੇ ਗਾਂਵਦੀ,
ਮੂੰਹ ਖੁਲ੍ਹਿਆ ਮਿਨਕਾਰ ਦਾ।

ਪਿਆਸਾ ਪਪੀਹਾ ਹੋ ਗਿਆ,
ਪ੍ਰੀਤਮ ਤੇਰੇ ਅਜ ਪਿਆਰ ਦਾ।
ਓ ਮੇਹਰਾਂ ਵਾਲੇ ਦਾਤਿਆ,
ਤੂੰ ਰੂਪ ਹੈਂ ਕਰਤਾਰ ਦਾ।

ਬਿਨ ਆਗਿਆ ਤੇਰੀ, ਅਗਨ
ਤਿਨਕਾ ਜਲਾ ਸਕਦੀ ਨਹੀਂ।
ਬਿਨ ਆਗਿਆ ਤੇਰੀ, ਪਵਨ
ਪੱਤਾ ਹਿਲਾ ਸਕਦੀ ਨਹੀਂ।
ਅਹਿਸਾਨ ਤੇਰੇ ਮਾਲਕਾ,
ਧਰਤੀ ਚੁਕਾ ਸਕਦੀ ਨਹੀਂ।
ਇਹ ਕੌਮ ਤੇਰੀ ਦਾਤਿਆ,
ਤੈਨੂੰ ਭੁਲਾ ਸਕਦੀ ਨਹੀਂ।

ਕਰਦਾ ਹਮੇਸ਼ਾ ਮਿਹਰ ਤੂੰ,
ਤਪਦੇ ਕਲੇਜੇ ਠਾਰਦਾ।
ੳ ਮਿਹਰਾਂ ਵਾਲੇ ਦਾਤਿਆ,
ਤੂੰ, ਰੂਪ ਹੈਂ ਕਰਤਾਰ ਦਾ।

——

ਗੁਜਰੀ ਦਾ ਸੋਹਣਾ ਲਾਲ ਤੂੰ,
ਗੁਰ ਤੇਗ਼ ਦੀ ਸੰਤਾਨ ਹੈਂ।
ਦੁਨੀਆਂ ਦੇ ਲਈ ਦਾਤਾਰ ਤੂੰ,
ਹਿੰਦੁਸਤਾਂ ਦੀ ਜਾਨ ਹੈਂ।
ਦੋ ਹਥ ਨੇ ਦੋ ਪੈਰ ਨੇ,
ਵੇਖਣ ਨੂੰ ਤੂੰ ਇਨਸਾਨ ਹੈਂ।
ਇਨਸਾਨ ਦੇ ਤੂੰ ਰੂਪ ਵਿਚ,
ਇਨਸਾਨ ਦਾ ਭਗਵਾਨ ਹੈਂ।

ਮਾਲੀ ਏਂ ਤੂੰ ਗੁਲਜ਼ਾਰ ਦਾ,
ਵਾਲੀ ਹੈਂ ਤੂੰ ਸੰਸਾਰ ਦਾ।
ਓ ਮਿਹਰਾਂ ਵਾਲੇ ਦਾਤਿਆ,
ਤੂੰ ਰੂਪ ਹੈਂ ਕਰਤਾਰ ਦਾ।

ਗਿੱਦੜ ਬਣਾਏ ਸ਼ੇਰ ਤੂੰ,
ਤੇਰਾ ਪਿਤਾ ਉਪਕਾਰ ਹੈ।
ਬਾਜ਼ ਦਾ ਚਿੜੀਆਂ ਦੇ ਕੋਲੋਂ,
ਟੁਟਿਆ ਹੰਕਾਰ ਹੈ।
ਮਾਛੀ ਜਿਹਨੂੰ ਸੀ ਆਖਦੇ,
ਉਹ ਬਣ ਗਿਆ ਸਰਦਾਰ ਹੈ।
ਸਿਖੀ ਤੇਰੀ ਆਸਾਨ ਹੈ,
ਖੰਡੇ ਦੀ ਤਿੱਖੀ ਧਾਰ ਹੈ।

ਅਜ ਖਾਲਸਾ ਤੇਰਾ ਜਹਾਂ ਤੇ,
ਹੈ ਧਨੀ ਤਲਵਾਰ ਦਾ।
ਓ ਮਿਹਰਾਂ ਵਾਲੇ ਦਾਤਿਆ,
ਤੂੰ ਰੂਪ ਹੈਂ ਕਰਤਾਰ ਦਾ।

ਜਿੰਨੀਆਂ ਮੈਂ ਸਿਫ਼ਤਾਂ ਕਰ ਰਿਹਾ
ਇਹ ਹੱਜ ਕੇ ਨੇ ਥੋਹੜੀਆਂ।
ਸੀ ਵਾਰੀਆਂ ਤੂੰ ਦੇਸ਼ ਤੋਂ,
ਲਾਲਾਂ ਦੀਆਂ ਦੋ ਜੋੜੀਆਂ,

ਚਾੜ੍ਹੇ ਸੀ ਬੱਚੇ ਬੰਨ੍ਹ ਸਿਹਟੇ,
ਆਪ ਹਥੀਂ ਘੋੜੀਆਂ।
ਉਹ ਥਾਂ ਵੀ ਨੀਵੀਂ ਹੋ ਗਈ,
ਜਿਧਰ ਤੂੰ ਵਾਗਾਂ ਮੋੜੀਆਂ।

ਧਰਤੀ ਨੇ ਪੀਤਾ ਖ਼ੂਨ ਹੈ,
ਤੇਰੇ ਪਿਤਾ ਪਰਵਾਰ ਦਾ।
ਓ ਮੇਹਰਾਂ ਵਾਲੇ ਦਾਤਿਆ,
ਤੂੰ ਰੂਪ ਹੈਂ ਕਰਤਾਰ ਦਾ।

——

ਜਾਮਾਂ ਸੁਨਹਿਰੀ ਪਾਟਿਆ,
ਦੁਨੀਆਂ ਦਿਆ ਰਖਵਾਲਿਆ।
ਚਰਨਾਂ ਤੇ ਛਾਲੇ ਪੈ ਗਏ,
ਗੁਜਰੀ ਦਿਆ ਉਜਿਆਲਿਆ।
ਪਥਰ ਸਰਹਾਣੇ ਬਣ ਗਏ,
ਕਲਗ਼ੀ ਸਜਾਵਣ ਵਾਲਿਆ।
ਬਾਜ਼ਾਂ ਨੂੰ ਦਿਤਾ ਛੋੜ ਤੂੰ,
ਬਾਜ਼ਾਂ ਦਿਆ ਮਤਵਾਲਿਆ।

ਅਜ ਤਾਰ ਦੇ ਤੂੰ 'ਓਮ' ਨੂੰ,
ਡੁਬਦੇ ਤੂੰ ਪਥਰ ਤਾਰਦਾ।
ਓ ਮੇਹਰਾਂ ਵਾਲੇ ਸਤਿਗੁਰੂ,
ਤੂੰ ਰੂਪ ਹੈਂ ਕਰਤਾਰ ਦਾ।

—0—

ਗੁਰੂ ਨਾਨਕ ਦੇ ਚਰਨ

ਤ੍ਰਿਪਤਾ ਦੇ ਚਾਨਣ ਗੁਰ ਨਾਨਕ.
ਹਨ ਸਭ ਤੋਂ ਸੋਹਣੇ ਚਰਨ ਤੇਰੇ ।
ਇਹ ਪਿਆਰੇ ਜਗ ਤੋਂ ਨਿਆਰੇ ਨੇ,
ਸੋਹਣੇ ਮਨ ਮੋਹਣੇ ਚਰਨ ਤੇਰੇ ।
ਹਰ ਜੁਗ ਵਿਚ ਧੋਂਦੇ ਆਏ ਨੇ,
ਭਗਤਾਂ ਨੇ ਧੋਣੇ ਚਰਨ ਤੇਰੇ ।
ਉਸ ਥਾਂ ਨਹੀਂ ਕੋਈ ਹੋ ਸਕਦਾ,
ਜਿਥੇ ਮੈਨੂੰ ਹੋਣੇ ਚਰਨ ਤੇਰੇ ।

———

ਤੇਰੇ ਚਰਨਾਂ ਦੇ ਵਿਚ ਮਸਤੀ ਏ,
ਚਰਨਾਂ ਵਿਚ ਛਲਕਣ ਜਾਮ ਪਏ ।
ਤੇਰੇ ਚਰਨਾਂ ਵਿਚ ਸੁਖ ਦੁਨੀਆਂ ਦੇ,
ਕਰਦੇ ਨੇ ਅਜ ਬਿਸਰਾਮ ਪਏ ।
ਤੇਰੇ ਚਰਨਾਂ ਦੀ ਇਸ ਦੁਨੀਆਂ ਵਿਚ,
ਦੁਨੀਆਂ ਦੇ ਨੇ ਆਰਾਮ ਪਏ ।
ਏਹਨਾਂ ਵਿਚ ਸਾਰੇ ਤੀਰਥ ਨੇ,
ਏਹਨਾਂ ਵਿਚ ਸਾਰੇ ਧਾਮ ਪਏ ।

———

ਸਭ ਹੀਰੇ ਮਾਤ ਨੇ ਹੋ ਜਾਂਦੇ,
ਇਹ ਦਿਲ ਮੇਰੇ ਨੂੰ ਖੱਸ ਰਹੇ।
ਕਿੰਨੇ ਆਕਾਸ਼ਾਂ ਦੇ ਤਾਰੇ,
ਤੇਰੇ ਚਰਨਾਂ ਵਿਚ ਨੇ ਵਸ ਰਹੇ।
ਕਿਨੇ ਹੀ ਸੂਰਜ ਚਮਕ ਚਮਕ,
ਤੇਰੇ ਚਰਨਾਂ ਅੰਦਰ ਹਸ ਰਹੇ।
ਕਈ ਨੂਰ ਹਜ਼ਾਰਾਂ ਚੰਨਾਂ ਦੇ,
ਇਹ ਚਰਨ ਤੇਰੇ ਨੇ ਦਸ ਰਹੇ।

———

ਇਹਨਾਂ ਹੀ ਤੇਰੇ ਚਰਨਾਂ ਨੂੰ,
ਵਲੀਆਂ ਨੇ ਸੀਸ ਝੁਕਾਇਆ ਏ।
ਕਈ ਕਾਜ਼ੀ ਤੇ ਕਈ ਮੁਲਾਂ ਤੋਂ,
ਚਰਨਾਂ ਸਜਦਾ ਕਰਵਾਇਆ ਏ।
ਕਾਬੇ ਨੂੰ ਵਾਂਗ ਭੰਬੀਰੀ ਦੇ,
ਤੇਰੇ ਚਰਨਾਂ ਖ਼ੂਬ ਘੁਮਾਇਆ ਏ।
ਉਹ ਭਵ ਸਾਗਰ ਤੋਂ ਤਰਿਆ ਏ,
ਜਿਸ ਚਰਨੀਂ ਸੀਸ ਨਿਵਾਇਆ ਏ।

———

ਤੇਰੇ ਕੋਮਲ ਕੋਮਲ ਚਰਨਾਂ ਵਿਚ,
ਜੰਨਤ ਦੇ ਕਈ ਨਜ਼ਾਰੇ ਨੇ।
ਇਹਨਾਂ ਵਿਚ ਕਈ ਕੁਰਾਨ ਦਿਸਣ,
ਇਹਨਾਂ ਵਿਚ ਕਈ ਸੁਪਾਰੇ ਨੇ।

ਹਿੰਦੂ ਦੀ ਗੱਲ ਮੈਂ ਕੀ ਆਖਾਂ,
ਮੁਸਲਮ ਵੀ ਬਣੇ ਪਿਆਰੇ ਨੇ।
ਤੂੰ ਇਸ ਤੋਂ ਵਧ ਕੇ ਤਾਰੇ ਨੇ,
ਜਿੰਨੇ ਆਕਾਸ਼ ਦੇ ਤਾਰੇ ਨੇ।

———

ਜਿਨੇ ਨੇ ਸੋਹਣੇ ਚਰਨ ਤੇਰੇ,
ਇਹ ਫੁਲ ਗੁਲਾਬ ਦਾ ਸੋਹਣਾ ਨਹੀਂ।
ਇਹ ਚੰਬਾ, ਗੇਂਦਾ ਸਤਬਰਗਾ,
ਤੇ ਫੁਲ ਉਨਾਬ ਦਾ ਸੋਹਣਾ ਨਹੀਂ।
ਰੇਸ਼ਮ ਦੇ ਰੇਸ਼ੇ ਨਾਜ਼ਕ ਨਹੀਂ,
ਤੇ ਪਰ ਸੁਰਖਾਬ ਦਾ ਸੋਹਣਾ ਨਹੀਂ।
ਤੇਰੇ ਚਰਨਾਂ ਨਾਲੋਂ ਸਚ ਆਖਾਂ,
ਚੇਹਰਾ ਮਹਿਤਾਬ ਦਾ ਸੋਹਣਾ ਨਹੀਂ।

———

ਉਹ ਬਣ ਗਏ ਸੀ ਅਨਮੋਲ ਰਤਨ,
ਜੋ ਚਰਨਾਂ ਦੇ ਸੰਗ ਰੰਗੇ ਸੀ।
ਉਹ ਨਾਨਕ ਨਾਨਕ ਕਹਿੰਦੇ ਰਹੇ,
ਚਾਹੇ ਪੁਠੇ ਕਰਕੇ ਟੰਗੇ ਸੀ।
ਦੇਗਾਂ ਦੇ ਵਿਚ ਉਬਲਦੇ ਰਹੇ,
ਜੁਸੇ ਤੋਂ ਹੋ ਕੇ ਨੰਗੇ ਸੀ।
ਜੋ ਚਰਨਾਂ ਦੇ ਵਿਚ ਜੁੜ ਬੈਠੇ,
ਮਰਨੇ ਤੋਂ ਮੂਲ ਨਾ ਸੰਗੇ ਸੀ।

———

ਜੋ ਰਾਜ਼ ਹਕੀਕੀ ਨਾ ਸਮਝਣ,
ਪਾਪਾਂ ਦੇ ਖੂਹ ਵਿਚ ਢਹਿ ਜਾਂਦੇ,
ਜੋ ਕੱਚੀ ਪ੍ਰੀਤ ਲਗਾਂਦੇ ਨੇ,
ਉਹ ਵਿਚ ਹਨੇਰੇ ਰਹਿ ਜਾਂਦੇ।
ਜੋ ਸੱਚੀ ਪ੍ਰੀਤ ਲਗਾਂਦੇ ਨੇ,
ਉਹ ਤਵੀਆਂ ਉਤੇ ਬਹਿ ਜਾਂਦੇ।
ਗੁਰੂ ਨਾਨਕ ਮੇਰੇ ਆ ਕੇ ਤੇ,
ਤਵੀਆਂ ਦੇ ਸੇਕ ਨੂੰ ਸਹਿ ਜਾਂਦੇ।

———

ਕਈ ਪੀਰ ਫ਼ਕੀਰ ਮੁਨੀ ਲੱਖਾਂ,
ਪਏ ਦਾਤਾ ਆਉਂਦੇ ਸ਼ਰਨ ਤੇਰੇ।
ਲੱਖਾਂ ਡੰਡੌਤਾਂ ਕਰਦੇ ਨੇ,
ਪਏ ਪਾਣੀ ਦਾਤਾ ਭਰਨ ਤੇਰੇ।
ਕਈ ਵਾਂਗ ਕਮਾਨ ਦੇ ਝੁਕ ਝੁਕ ਕੇ,
ਚਰਨਾਂ ਤੇ ਸਜਦੇ ਕਰਨ ਤੇਰੇ।
ਤੇਰੇ ਚਰਨਾਂ ਦਾ ਕੋਈ ਸਾਨੀ ਨਹੀਂ,
ਚਰਨਾਂ ਦੇ ਸਾਨੀ ਚਰਨ ਤੇਰੇ।

———

ਚਰਨਾਂ ਸੰਗ ਪ੍ਰੀਤੀ ਲਾਂਦੇ ਜੋ,
ਚਰਨਾਂ ਸੰਗ ਪ੍ਰੀਤ ਨਿਭਾਂਦੇ ਨੇ।
ਚਰਨਾਂ ਦੇ ਬਰਦੇ ਬਣ ਜਾਂਦੇ,
ਚਾਹੇ ਬੰਦ ਬੰਦ ਕਟਵਾਂਦੇ ਨੇ।

ਰੰਬੀਆਂ ਸੰਗ ਖੋਪਰ ਲਹਿ ਜਾਂਦੇ,
ਤੇ ਸੀ ਨਾ ਮੁਖੋਂ ਅਲਾਂਦੇ ਨੇ।
ਉਹ ਪੁਠੀ ਖਲ ਲੁਹਾ ਕੇ ਤੇ,
ਗੁਰੂ ਨਾਨਕ ਨਾਮ ਧਿਆਂਦੇ ਨੇ।

———

ਤੇਰੇ ਚਰਨਾਂ ਵਿਚ ਤਰਲੋਕੀ ਏ,
ਤੇ ਕੁਲ ਬ੍ਰਹਿਮੰਡ ਸਮਾਇਆ ਏ।
ਇਹ ਰਾਜ਼ ਇਲਾਹੀ ਚਰਨਾਂ ਦਾ,
ਤੇਰੇ ਭਗਤਾਂ ਨੇ ਹੀ ਪਾਇਆ ਏ।
ਚਰਨਾਂ ਦੀ ਪ੍ਰੀਤ ਨਿਭਾਵਣ ਲਈ,
ਬੱਚਿਆਂ ਨੂੰ ਘੋਲ ਘੁਮਾਇਆ ਏ।
ਤੂੰ 'ਓਮ' ਕਵੀ ਨੂੰ ਬਖ਼ਸ਼ ਪਿਤਾ,
ਤੇਰੇ ਚਰਨੀਂ ਸੀਸ ਨਿਵਾਇਆ ਏ।

—0—

ਅੱਖਾਂ

ਏਹਨਾਂ ਅੱਖਾਂ ਦੀ ਸਿਫ਼ਤ ਨੇ ਕਵੀ ਲਿਖਦੇ,
ਪੜ੍ਹਨ ਵਾਲੀਆਂ ਕਈ ਹਜ਼ਾਰ ਅੱਖਾਂ।
ਮਾਪੇ ਪੁਤ ਨੂੰ ਵੇਖ ਕੇ ਖ਼ੁਸ਼ ਹੁੰਦੇ,
ਵਿਚ ਨਚਦਾ ਪੁਤ ਪਿਆਰ ਅੱਖਾਂ।
ਕਜਲਾ ਪਾ ਕੇ ਕਈ ਮਟਕਾਂਵਦੇ ਨੇ,
ਕੀਤੇ ਕਿੰਨੇ ਹੀ ਘਰ ਖ਼ੁਆਰ ਅੱਖਾਂ।
ਕੋਈ ਅੱਖ ਨਾ ਅੱਖ ਦਾ ਭੇਦ ਜਾਣੇ,
ਅੱਖਾਂ ਵੇਖ ਕੇ ਹੋਣ ਸ਼ਿਕਾਰ ਅੱਖਾਂ।

ਅੱਖਾਂ ਰਾਹ ਦੇ ਵਿਚ ਵਿਛਾ ਬੈਠਾ,
ਲਾਈ ਤਾਰ ਹੈ ਤੇਰੀ ਦਾਤਾਰ ਅੱਖਾਂ।
ਮੇਹਰਾਂ ਵਾਲਿਆ ਦੇ ਦੀਦਾਰ ਮੈਨੂੰ,
'ਓਮ' ਰਜ ਕੇ ਕਰਨ ਦੀਦਾਰ ਅੱਖਾਂ।

———

ਵੇਲਾ ਆ ਗਿਆ ਫੇਰ ਕੁਰਬਾਨੀਆਂ ਦਾ

ਜਿੰਨਾ ਮੁਲ ਪਾਵੇਂ ਉਨਾਂ ਬਹੁਤ ਥੋੜਾ
ਮੇਰੇ ਸੱਚ ਤੇ ਸਾਫ਼ ਬਿਆਨੀਆਂ ਦਾ।
ਜੇਹੜਾ ਬਦ ਹੋਵੇ ਬਦੀ ਨਿਤ ਕਰਦਾ,
ਫਲ ਪਾਂਵਦਾ ਬਦ ਗੁਮਾਨੀਆਂ ਦਾ।
ਕਰ ਹੌਂਸਲਾ ਹੁਣ ਦਿਲਗੀਰ ਨਾ ਹੋ,
ਵੇਲਾ ਨਹੀਂ ਏਹ ਚੰਨ ਹੈਰਾਨੀਆਂ ਦਾ।
ਜਦੋਂ ਗਭਰੂ ਅਖਾੜੇ ਦੇ ਵਿਚ ਕੁਦੇ,
ਪਤਾ ਲਗ ਜਾਂਦੈ ਪੈਹਲਵਾਨੀਆਂ ਦਾ।
ਜ਼ੋਰ ਸ਼ੋਰ ਤੇ ਸ਼ਾਨ ਦੀ ਪਰਖ ਹੁੰਦੀ,
ਨਸ਼ਾ ਆਂਵਦਾ ਤਦੋਂ ਜਵਾਨੀਆਂ ਦਾ।
ਉਠ ਉਠ ਤੂੰ ਕੌਮ ਦੇ ਸੂਰਬੀਰਾ,
ਵੇਲਾ ਆ ਗਿਆ ਫੇਰ ਕੁਰਬਾਨੀਆਂ ਦਾ।

ਵੀਰਾ ਹੱਲ ਤੂੰ ਜ਼ਰਾ ਤੇ ਹੱਲ ਵਾਂਗੂ,
ਹੱਲ ਹੱਲ ਕੇ ਹੱਲ ਨੂੰ ਹੱਲ ਕਰ ਦੇ।
ਨਾਂ ਤੂੰ ਜੱਲ ਤੇ ਅਗ ਤੇ ਜਲ ਪਾ ਕੇ,
ਹੋ ਕੇ ਜਲ ਤੂੰ ਅਗ ਨੂੰ ਜੱਲ ਕਰ ਦੇ।

ਸੱਲੇ ਹੋਏ ਨੂੰ ਹੋਰ ਨਾ ਸੱਲ ਵੀਰਾ,
ਸਿਲ ਸਿਲ ਦੇ ਵਿਚ ਤੂੰ ਸੱਲ ਕਰ ਦੇ।
ਵਲਾਂ ਵਾਂਗ ਜੋ ਵਲ ਹਜ਼ਾਰ ਖਾਂਦੇ,
ਵਲ ਉਹਨਾਂ ਦੇ ਦਿਲਾਂ ਦੇ ਵੱਲ ਕਰ ਦੇ।
ਉਠ ਕਰ ਇਤਹਾਸ ਦਾ ਵਰਕ ਤਾਜ਼ਾ,
ਸਮਾਂ ਹੁਣ ਨਹੀਂ ਕੋਈ ਕਹਾਣੀਆਂ ਦਾ।
ਉਠ ਉਠ ਤੂੰ ਕੌਮ ਦੇ ਸੂਰਬੀਰਾ,
ਵੇਲਾ ਆ ਗਿਆ ਫੇਰ ਕੁਰਬਾਨੀਆਂ ਦਾ।

ਜੇ ਪਿਆਰ ਦੇ ਵਿਚ ਕੋਈ ਖ਼ੂਨ ਮੰਗੇ,
ਲਵੇ ਰੱਤ ਦਾ ਭਰ ਕੇ ਜੱਗ ਤੇਰਾ।
ਛੂਤ ਛਾਤ ਨਾਲੇ ਉਚ ਨੀਚ ਕੋਈ ਨਹੀਂ,
ਜਦੋਂ ਗੁਰੂ ਦਾ ਲਗਦੈ ਜੱਗ ਤੇਰਾ।
ਤੇਰਾ ਸਾਨੀ ਨਾ ਕੋਈ ਜਹਾਨ ਅੰਦਰ,
ਸਿੱਕਾ ਮੰਨਦਾ ਸਾਰਾ ਹੈ ਜੱਗ ਤੇਰਾ।
ਕਲਜੁਗ ਵਿਚ ਵੀ ਸੋਹਣਿਆਂ ਨੂਰ ਤੇਰਾ,
ਦੀਪ ਰਿਹਾ ਏ ਜਗ ਤੇ ਜੱਗ ਤੇਰਾ।
ਜਦੋਂ ਗਜਿਓਂ ਵਿਚ ਮੈਦਾਨ ਦੇ ਤੂੰ,
ਮੂੰਹ ਮੋੜ ਦਿਤਾ ਤੂੰ ਅਫ਼ਗਾਨੀਆਂ ਦਾ।
ਉਠ ਉਠ ਤੂੰ ਕੌਮ ਦੇ ਸੂਰਬੀਰਾ,
ਵੇਲਾ ਆ ਗਿਆ ਫੇਰ ਕੁਰਬਾਨੀਆਂ ਦਾ।

ਗੁਰੂ ਨਾਨਕ ਹੈ ਸਿਰ ਤੇ ਛਤਰ ਤੇਰਾ,
ਧਰਤੀ ਬਸਤਰ ਅਸਮਾਨ ਹੈ ਛੱਤ ਤੇਰੀ।
ਤੂੰ ਹੈਂ ਰਤਿਆ ਰੱਤੀ ਨਾ ਭੇ ਤੈਨੂੰ,
ਦੇਸ਼ ਕੌਮ ਲਈ ਡੁਲ੍ਹਦੀ ਰੱਤ ਤੇਰੀ।
ਮੱਤ ਮੱਤ ਦੇ ਵਿਚ ਅਨੇਕ ਮੱਤਾਂ,
ਹਰ ਮੱਤ ਨੂੰ ਲੋੜ ਹੈ ਮੱਤ ਤੇਰੀ।
ਪੱਤ ਲਾਹੀ ਤੂੰ ਪੱਤ ਦੀ ਪੱਤ ਕਰਨੈ,
ਪੱਤ ਪੱਤ ਵੀ ਕਰਦਾ ਏ ਪੱਤ ਤੇਰੀ।
ਚਰਨ ਚੁੰਮ ਕੇ ਅਟਕ ਹੈ ਅਟਕ ਜਾਂਦਾ,
ਤੈਨੂੰ ਆਸਰਾ ਉਚ ਨਿਸ਼ਾਨੀਆਂ ਦਾ।
ਉਠ ਉਠ ਤੂੰ ਕੌਮ ਦੇ ਸੂਰਬੀਰਾ,
ਵੇਲਾ ਆ ਗਿਆ ਫੇਰ ਕੁਰਬਾਨੀਆਂ ਦਾ।

———

ਤੈਨੂੰ ਵੱਟੀਆਂ ਵੱਟ ਨਾ ਤੋਲ ਸਕਣ,
ਅਗੇ ਵਧਦਾ ਜਾ ਵਟੋ ਵੱਟ ਵੀਰਾ।
ਸਚ ਹਟ ਦੀ ਵਟ ਚੋਂ ਵਟ ਲੈਂਦਾ,
ਚੀਰੇਂ ਪਰਬਤਾਂ ਨੂੰ ਵਿਚ ਵੱਟ ਵੀਰਾ।
ਸ਼ੇਰ ਵੇਖ ਕੇ ਮੁਛ ਨੂੰ ਵਟ ਖਾਵੇ,
ਜਦੋਂ ਚਾਹੜਨੇ ਮੁਛ ਨੂੰ ਵੱਟ ਵੀਰਾ।
ਵਟ ਵੈਰੀ ਦੇ ਢਿਡ ਦੇ ਵਿਚ ਪੈਂਦਾ,
ਜਦੋਂ ਪਾਏਂ ਤੂੰ ਮੱਥੇ ਤੇ ਵੱਟ ਵੀਰਾ।

ਤੇਰੀ ਸ਼ਾਨ ਦੀ ਤਾਬ ਨਾ ਕੋਈ ਝੱਲੇ,
ਤੈਨੂੰ ਆਸਰਾ ਕੌਮ ਦੇ ਬਾਨੀਆਂ ਦਾ।
ਉਠ ਉਠ ਤੂੰ ਕੌਮ ਦੇ ਸੂਰਬੀਰਾ,
ਵੇਲਾ ਆ ਗਿਆ ਫੇਰ ਕੁਰਬਾਨੀਆਂ ਦਾ।

ਕਾਮ ਕਰੋਧ ਤੇ ਲੋਭ ਹੰਕਾਰ ਨਾਲੇ,
ਮੋਹ ਬਣੇ ਪੁਜਾਰੇ ਨੇ ਪੰਜ ਤੇਰੇ।
ਕੜਾ, ਕੇਸ, ਕੰਘਾ, ਕਛ, ਕ੍ਰਿਪਾਨ ਤੇਰੀ,
ਤੇਰੀ ਜਾਨ ਸਹਾਰੇ ਨੇ ਪੰਜ ਤੇਰੇ।
ਪੰਜ ਪੀਰ ਤੇ ਤੇਰੇ ਜੋ ਪੰਜ ਪਾਂਡੇ,
ਸਾਜੇ ਪਿਤਾ ਪਿਆਰੇ ਨੇ ਪੰਜ ਤੇਰੇ।
ਪੰਜੇ ਸਾਹਿਬ ਦੇ ਪੰਜੇ ਦੀ ਲਾਜ ਨੇ ਇਹ,
ਆਬ ਅਜ ਪੁਕਾਰੇ ਨੇ ਪੰਜ ਤੇਰੇ।
ਦੋਂਹ ਨਾਲ ਤੂੰ ਤਿੰਨਾਂ ਨੂੰ ਮੇਲ ਛੇਤੀ,
ਤੈਨੂੰ ਵਾਸਤਾ ਈ ਪੰਜਾਂ ਪਾਣੀਆਂ ਦਾ
ਉਠ ਉਠ ਤੂੰ ਕੌਮ ਦੇ ਸੂਰਬੀਰਾ,
ਵੇਲਾ ਆ ਗਿਆ ਫੇਰ ਕੁਰਬਾਨੀਆਂ ਦਾ।

ਸਚ ਝੂਠ ਦੇ ਤਾਈਂ ਨਿਤਾਰ ਵੀਰਾ,
ਦਾਣਾ ਦਾਲ ਦਾ ਟੋਹ ਕੇ ਟੋਲਦਾ ਜਾ।
ਤੇਰੀ ਬੋਲੀ ਤੋਂ ਵਾਰਾਂ ਹਜ਼ਾਰ ਬੋਲੀ,
ਤੋਲ ਤੋਲ ਕੇ ਬੋਲ ਤੂੰ ਬੋਲਦਾ ਜਾ।

ਲੱਖਾਂ ਹੀਰੇ ਜਵਾਹਰ ਤੇ ਲਾਲ ਪੰਨੇ,
ਏਸ ਖ਼ਾਨ ਦੇ ਵਿਚੋਂ ਤੂੰ ਰੋਲਦਾ ਜਾ।
ਖ਼ਾਤਰ ਬੋਲੀ ਪੰਜਾਬੀ, ਪੰਜਾਬੀ ਵੀਰਾ,
ਸੀਸ ਕੰਡੇ ਇਨਸਾਫ਼ ਦੇ ਤੋਲਦਾ ਜਾ।
ਤੇਰਾ ਪੰਥ, ਪੰਜਾਬੀ, ਪੰਜਾਬ ਤੇਰਾ,
ਮੂੰਹ ਭੰਨ ਦੇ ਰੁਸਤਮ ਦੇ ਸਾਨੀਆਂ ਦਾ।
ਉਠ ਉਠ ਤੂੰ ਕੌਮ ਦੇ ਸੂਰਬੀਰਾ,
ਵੇਲਾ ਆ ਗਿਆ ਫੇਰ ਕੁਰਬਾਨੀਆਂ ਦਾ।

--0--

ਆਜ਼ਾਦੀ ਦੀ ਡੋਲੀ

ਨੀ ਕੁੜੀਏ ਤੇਰੇ ਸਿਰ ਤਟੰਗਾ ਦੋਪੱਟਾ,
ਬੜੀ ਤੂੰ ਏਂ ਭੋਲੀ ਬੜੀ ਪਿਆਰੀ ਪਿਆਰੀ।
ਅਜਬ ਸ਼ਾਨ ਤੇਰੀ ਜ਼ਮਾਨੇ ਦੇ ਉਤੇ,
ਬੜੀ ਤੂੰ ਅਨੋਖੀ ਬੜੀ ਹੈਂ ਨਿਆਰੀ।
ਤੇਰੀ ਗੋਦ ਅੰਦਰ ਹੈ ਖਿੜਿਆ ਬਗ਼ੀਚਾ,
ਬਗ਼ੀਚੇ ਦੀ ਹਰ ਇਕ ਹੈ ਮਹਿਕੀ ਕਿਆਰੀ।
ਤੇਰੀ ਨਜ਼ਰ ਅੰਦਰ ਨੇ ਸਾਰੇ ਬਰਾਬਰ,
ਹੈ ਰਾਜਾ ਤੇ ਭਾਵੇਂ ਹੈ ਕੋਈ ਭਿਖਾਰੀ।

ਹੈਂ ਦੁਨੀਆਂ ਦੀ ਦਿਲਬਰ ਤੂੰ ਸੋਹਣੀ ਆਜ਼ਾਦੀ,
ਸ਼ਹੀਦਾਂ ਨੇ ਦਿਤੇ ਨੇ ਤਾਣੇ ਤੇ ਪੇਟੇ।
ਤੂੰ ਖਿਦੋ ਹੈਂ 'ਪਿੜੀਆਂ ਤੇਰੇ ਉਤੇ ਚੜ੍ਹੀਆਂ,
ਤੇਰੇ ਵਿਚ ਲੀਰਾਂ ਦੇ ਟੋਟੇ ਲਪੇਟੇ।
ਤੇ ਸੁਖਾਂ ਦੀ ਗਠੜੀ ਦਾ ਹੈ ਰੂਪ ਤੇਰਾ,
ਤੇ ਰੂਪ ਅੰਦਰ ਨੇ ਦੁਖੜੇ ਸਮੇਟੇ।
ਹੈ ਦੀਦਾਰ ਤੇਰਾ ਬੜਾ ਪਿਆਰਾ ਪਿਆਰਾ,
ਤੇਰੇ ਚਰਨਾਂ 'ਚ ਲਖਾਂ ਨੇ ਬਲਵਾਨ ਲੇਟੇ।

ਜਦੋਂ ਤੇਰੀ ਡੋਲੀ ਦੀ ਡਿਠੀ ਸਵਾਰੀ,
ਤੇਰੇ ਸਿਰ ਤੋਂ ਲੋਕਾਂ ਨੇ ਪ੍ਰਵਾਰ ਵਾਰੇ।
ਮੁਰੱਬਿਆਂ ਦੇ ਮਾਲਕ ਤੇ ਬਾਗਾਂ ਦੇ ਵਾਲੀ,
ਕਈ ਛੇ ਛੇ ਫੁੱਟਾਂ ਦੇ ਸਰਦਾਰ ਵਾਰੇ।
ਸੁਹਾਗਣ ਜਵਾਨਾਂ ਤੇਰੀ ਡੋਲੀ ਵੇਖੀ,
ਤੇ ਮੈਂਹਦੀ ਲਗਾ ਕੇ ਸੀ ਚੜ੍ਹੀਆਂ ਚੁਬਾਰੇ।
ਲਗਾਈਆਂ ਸੀ ਛਾਲਾਂ ਤੇ ਸੀ ਤਕ ਨ ਕੀਤੀ,
ਤੇ ਫਿਰ ਵੀ ਲਗਾਏ ਸੀ ਤੇਰੇ ਈ ਨਾਹਰੇ।

ਤੇਰੀ ਜਾਂ ਸਵਾਰੀ ਤੁਰੀ ਬੀਬੀਏ ਨੀ,
ਤੇਰੇ ਨਾਲ ਲੱਖਾਂ ਈ ਪ੍ਰਵਾਰ ਚੱਲੇ।
ਤੇ ਵਸਦੇ ਬਜ਼ਾਰਾਂ ਨੂੰ ਸੁਨਸਾਨ ਕੀਤਾ,
ਤੇ ਲੱਖਾਂ ਹੀ ਛਡ ਕੇ ਸੀ ਘਰ ਬਾਰ ਚੱਲੇ।
ਕਈ ਕਾਫ਼ਲੇ ਜੰਜ ਦਾ ਰੂਪ ਬਣ ਕੇ,
ਤੁਰੇ ਲਖਾਂ ਪੈਦਲ ਤੇ ਅਸਵਾਰ ਚੱਲੇ।
ਤੂੰ ਆਈ ਤੇ ਲੋਕਾਂ ਦੀ ਕਿਸਮਤ ਚਲੀ ਗਈ,
ਵਤਨ ਛਡ ਕੇ ਲਖਾਂ ਨਰ ਨਾਰ ਚੱਲੇ।

ਚਲੇ ਗਏ ਚਲੇ ਗਏ ਜਹਾਂ ਤੋਂ ਨਸੀਬੇ,
ਹਜ਼ਾਰਾਂ ਦੇ ਜੰਜੂ ਤੇ ਚੋਟੀ ਚਲੀ ਗਈ।
ਫੜਕਦੇ ਜਦੋਂ ਸ਼ੇਰ ਬਾਪੂ ਨੇ ਡਿਠੇ,
ਤਾਂ ਬੁਢੇ ਦੇ ਜੀਵਨ ਦੀ ਸੋਟੀ ਚਲੀ ਗਈ।

ਕਈ ਕਾਰਖ਼ਾਨੇ ਸੀ ਜਿਨ੍ਹਾਂ ਦੇ ਚਲਦੇ,
ਉਨ੍ਹਾਂ ਦੇ ਜਿਸਮ ਤੋਂ ਲੰਗੋਟੀ ਚਲੀ ਗਈ।
ਤੇ ਇੱਲਾਂ ਤੇ ਕੁੱਤਿਆਂ ਦੇ ਢਿਡਾਂ ਦੇ ਅੰਦਰ,
ਮਾਸੂਮਾਂ ਦੀ ਵੰਡ ਵੰਡ ਕੇ ਬੋਟੀ ਚਲੀ ਗਈ।

ਤੂੰ ਕਨਿਆਂ ਕਵਾਰੀ ਵਿਹਾਵਨ ਦੇ ਕਾਰਨ,
ਤੇਰੇ ਸਿਰ ਤੋਂ ਗੋਰਖ ਦਾ ਟਿੱਲਾ ਘੁਮਾਇਆ।
ਹਕੀਕਤ ਦੀ ਪਾਈ ਸਮਾਧੀ ਹੈ ਗਹਿਣੇ,
ਤੇਰੇ ਸਿਰ ਤਰੰਗਾ ਦੁਪੱਟਾ ਕਰਾਇਆ।
ਕਲਸ ਤੇਰੀ ਸ਼ਾਦੀ ਦੇ ਉਤੇ ਹੁਸੀਨੇ,
ਨੀ ਪੂਰਨ ਤੇ ਪ੍ਰਹਿਲਾਦ ਨੇ ਵੀ ਹੈ ਪਾਇਆ।
ਹਜ਼ਾਰਾਂ ਨੇ ਪਾਏ ਰੰਡੇਪੇ ਨੇ ਝੋਲੀ,
ਤੈਨੂੰ ਲਾਡਲੀ ਨੂੰ ਸੁਹਾਗਨ ਬਣਾਇਆ।

ਪੰਜਾਂ ਪਾਂਡੂਆਂ ਦੀ ਅਮਾਂਨਤ ਗਵਾਈ,
ਕਟਾਸੇ ਦਾ ਤੀਰਥ ਵੀ ਹਥੀਂ ਗਵਾਇਆ।
ਮੈਂ ਸੁੱਤੇ ਹੋਏ ਨਾਲ ਕੀਤਾ ਏ ਧੋਖਾ,
ਮੜ੍ਹੀ ਸ਼ੇਰ ਦੀ ਨੂੰ ਹੈ ਕੈਦੀ ਬਣਾਇਆ।
ਤੇ ਦੁਨੀਆਂ ਦੇ ਸਾਈਂ ਜਹਾਨਾਂ ਦੇ ਵਾਲੀ,
ਦਾ ਨਨਕਾਣਾ ਸਾਹਿਬ ਤੇ ਪੰਜਾ ਲੁਟਾਇਆ।
ਤਾਂ ਦਿੱਲੀ ਦੇ ਸੋਹਣੇ ਕਿਲ੍ਹੇ ਲਾਲ ਉਤੇ,
ਹੈ ਰਾਣੀ ਮੈਂ ਤੇਰਾ ਸਿੰਘਾਸਨ ਜਮਾਇਆ।

ਨੀ ਲਾਡੋ ਹਜ਼ਾਰਾਂ ਤੇਰੇ ਲੂਠਿਆਂ ਨੇ,
ਜਿਗਰ ਦੇ ਵੀ ਟੁਕੜੇ ਨੇ ਟੁਕੜੇ ਕਰਾਏ।
ਤੇ ਰਾਤੀਂ ਜੇਹੜੇ ਸੀ ਕਰੋੜਾਂ ਦੇ ਵਾਲੀ,
ਉਹਨਾਂ ਤੋਂ ਸਵੇਰੇ ਤੂੰ ਟੁਕੜੇ ਮੰਗਾਏ।
ਤੇਰੇ ਪੰਜ ਦਰਯਾ ਵੀ ਬੇ ਆਸ ਹੋ ਗਏ,
ਤੂੰ ਉਹਨਾਂ ਦੇ ਐਸੇ ਵਿਛੋੜੇ ਪਵਾਏ।
ਤੇ ਪੰਜਾਬ ਨੂੰ ਅਧ ਚੋਂ ਚੀਰ ਦਿਤਾ,
ਤੇ ਬੰਗਾਲ ਦੇ ਵੀ ਨੇ ਟੁਕੜੇ ਬਣਾਏ।

ਸਦਾ ਤੂੰ ਸੁਹਾਗਨ ਰਵ੍ਹੇਂ ਲਾੜੀਏ ਨੀ,
ਤੇ ਚੇਹਰਾ ਮੈਂ ਤੇਰਾ ਸਦਾ ਸ਼ਾਦ ਵੇਖਾਂ।
ਮੈਂ ਹਰ ਸਾਲ ਤੇਰੀ ਵਰ੍ਹੇ ਗੰਢ ਮਨਾਵਾਂ,
ਤੇ ਤਾਜ਼ਾ ਹੀ ਤੇਰੀ ਸਦਾ ਯਾਦ ਵੇਖਾਂ।
ਤੂੰ ਫਲਦੀ ਤੇ ਫੁਲਦੀ ਰਵ੍ਹੇਂ ਦੇਸ਼ ਅੰਦਰ,
ਤੇਰੇ ਬੁਲ੍ਹਾਂ ਉਤੇ ਨਾ ਫ਼ਰਯਾਦ ਵੇਖਾਂ।
ਸਦਾ 'ਓਮ' ਬਰਬਾਦ ਹੋਵਾਂ ਮੈਂ ਭਾਵੇਂ,
ਤੇਰੀ ਗੋਦ ਰਾਣੀ ਦੀ ਆਬਾਦ ਵੇਖਾਂ।

--o--

ਭਵ ਸਾਗਰਾਂ ਚੋਂ ਤਾਰਦਾ

ਇਕ ਤਾਰ ਹੋ ਕੇ ਜੇਹੜਾ ਤਾਰ ਨਾਲ ਤਾਰ ਲਾਏ,
ਦਾਸ ਜੇਹੜਾ ਬਣੇ ਮੇਰੇ ਪ੍ਰੀਤਮ ਦਾਤਾਰ ਦਾ।
ਤਾਰ ਤਾਰ ਕਰਕੇ ਜੋ ਬੰਦਾ ਕਰੇ ਬੰਦਗੀ,
ਹੈ ਸਤਿਗੁਰੂ ਮੇਰਾ ਉਹਦੇ ਦੁਖੜੇ ਨਿਵਾਰਦਾ।
ਕਰ ਕਰ ਕਰਤਾ ਜੋ ਕਰਨੀ ਦੇ ਕਰ ਕਰੇ,
ਦਰਸ ਉਹ ਪਾਂਵਦਾ ਹੈ ਮੇਰੇ ਕਰਤਾਰ ਦਾ।
ਦਰ ਉਤੇ ਜੇਹੜਾ ਦਰਬਾਨ ਬਣ ਬੈਠਦਾ ਏ,
ਪਾਵੇ ਉਹ ਦੀਦਾਰ ਉਸ ਸਚੇ ਦਰਬਾਰ ਦਾ।

ਹਰ ਹਰ ਕਰਦਾ ਉਹ ਹਾਰਦਾ ਨਹੀਂ ਕਿਸੇ ਵੇਲੇ,
ਜੇਹੜਾ ਫੁਲ ਬਣੇ ਮੇਰੇ ਗੁਰਾਂ ਵਾਲੇ ਹਾਰ ਦਾ।
ਜੇਹੜਾ ਸਿਰ ਗੁਰੂ ਦੇ ਦਵਾਰੇ ਉਤੇ ਰਖ ਦੇਵੇ,
ਬਾਬਾ ਮੇਰਾ ਉਹਨੂੰ ਭਵ ਸਾਗਰਾਂ ਚੋਂ ਤਾਰਦਾ।

ਗੋਲ ਗੋਲ ਗੋਲਿਆ ਮੈਂ ਗੋਲਾ ਬਣ ਗੋਲੀਆਂ ਦਾ,
ਮਿਲਿਆ ਨਾ ਮੈਨੂੰ ਕੁਝ ਦਰ ਦਰ ਗੋਲਿਆਂ ।
ਟੋਲ ਟੋਲ ਹਾਰਿਆ ਹਾਂ ਜਗ ਸਾਰਾ ਟੋਲ ਕੇ ਤੇ,
ਮਿਲਿਆ ਨਾ ਮੈਨੂੰ ਕੁਝ ਜਗ ਸਾਰਾ ਟੋਲਿਆਂ ।
ਰੋਲ ਰੋਲ ਹਾਰਿਆ ਮੈਂ ਖੁੰਦਰਾਂ ਤੇ ਘਾਟੀਆਂ ਨੂੰ,
ਮਿਲਿਆ ਨਾ ਮੈਨੂੰ ਕੁਝ ਜਿੰਦੜੀ ਨੂੰ ਰੋਲਿਆਂ ।
ਤੋਲ ਤੋਲ ਹਾਰਿਆ ਮੈਂ ਵੱਟੀਆਂ ਤੇ ਵੱਟ ਕਈ,
ਵੱਟੀ ਕੋਈ ਵੱਟ ਨਾਹੀਂ ਵੱਟ ਕਈ ਤੋਲਿਆਂ ।
ਲਭ ਕੇ ਮੈਂ ਲਭ ਲਿਆ ਲਭੇ ਮੈਨੂੰ ਲਾਲ ਕਈ,
ਖੇਲ ਹੈ ਨਿਰਾਲੇ ਮੇਰੇ ਗੁਰੂ ਦੇ ਦਵਾਰ ਦਾ ।
ਜੇਹੜਾ ਸਿਰ ਗੁਰੂ ਦੇ ਦਵਾਰ ਉਤੇ ਰਖ ਦੇਵੇ,
ਬਾਬਾ ਮੇਰਾ ਉਹਨੂੰ ਭਵ ਸਾਗਰਾਂ ਚੋਂ ਤਾਰਦਾ ।

ਕੋਈ ਕਹੇ ਪੀਰ ਤੇ ਫ਼ਕੀਰ ਕੋਈ ਆਖਦਾ ਏ,
ਪੀਰਾਂ ਦਾ ਵੀ ਪੀਰ ਕੋਈ ਆਖਦੈ ਹਜ਼ੂਰ ਨੂੰ ।
ਆਖਦਾ ਮਹਾਤਮਾ ਤੇ ਕੋਈ ਪ੍ਰਮਾਤਮਾਂ ਵੀ,
ਰਬੀ ਜੋਤ ਕਹੇ ਕੋਈ ਜ਼ਾਹਿਰਾ ਜ਼ਹੂਰ ਨੂੰ ।
ਕਾਜ਼ੀਆਂ ਨਮਾਜ਼ੀਆਂ ਵੀ ਕੀਤੇ ਕਈ ਸਜਦੇ ਸੀ,
ਨਾਨਕੀ ਦੇ ਵੀਰ ਤੇ ਤਿਰਪਤਾ ਦੇ ਨੂਰ ਨੂੰ ।
ਵੇਖ ਕੇ ਹੈਰਾਨ ਹੋਇਆ ਚੱਕੀ ਪਈ ਚਲਦੀ ਨੂੰ,
ਸਿਰ ਸੀ ਝੁਕਾਨਾਂ ਪਿਆ ਬਾਬਰੀ ਗ਼ਰੂਰ ਨੂੰ ।

ਨਿਪੱਤਿਆਂ ਦੀ ਗਤ ਤੇ ਨਿਪਤਿਆਂ ਦੀ ਪਤ ਉਹ,
ਸੀ ਤਪਿਆਂ ਕਲੇਜਿਆਂ ਨੂੰ ਮੇਰੁਾਂ ਵਾਲਾ ਠਾਰਦਾ।
ਜਿਹੜਾ ਸਿਰ ਗੁਰੂ ਦੇ ਦਵਾਰ ਉਤੇ ਧਰਦਾ ਏ,
ਬਾਬਾ ਮੇਰਾ ਉਹਨੂੰ ਭਵ ਸਾਗਰਾਂ ਚੋਂ ਤਾਰਦਾ।

ਕਰ ਕਰ ਠੱਗੀਆਂ ਜੋ ਠਗਦੇ ਸੀ ਜਗ ਤਾਈਂ,
ਉਹਨਾਂ ਨੂੰ ਵੀ ਤਾਰਦਿਆਂ ਲਾਂਵਦਾ ਨਾ ਦੇਰੀਆਂ।
ਬੰਦੇ ਦੀ ਤੇ ਗਲ ਛਡੋ ਧਰਤੀ ਆਕਾਸ਼ ਨਾਲੇ,
ਗੀਤ ਨੇ ਸੁਣਾਏ ਉਹਦੇ ਰੋੜਿਆਂ ਤੇ ਬੇਰੀਆਂ।
ਫਿਰ ਫਿਰ ਥੱਕ ਗਏ ਸੀ ਤਸਬੀ ਦੇ ਮਨਕੇ ਵੀ,
ਕਾਬੇ ਤਾਈਂ ਦਿਤੀਆਂ ਸੀ ਚੱਕੀ ਵਾਂਗੂੰ ਫੇਰੀਆਂ।
ਡੋਲਦਾ ਨਹੀਂ ਕਦੀ ਵੀ ਜਹਾਜ਼ ਜੇਹੜਾ ਨਾਮ ਦਾ ਏ,
ਥਮ੍ਹ ਜਾਣ ਥਕ ਕੇ ਤੇ ਅੰਨ੍ਹੀਆਂ ਹਨੇਰੀਆਂ।
ਧੁਪ ਵਿਚ ਵੇਖਿਆ ਸੀ ਸੁਤਾ ਜਦੋਂ ਮਾਹੀ ਮੇਰਾ,
ਨਾਗ ਸੀਸ ਉਤੇ ਹੈਸੀ ਛਜਲੀ ਖਿਲਾਰਦਾ।
ਜਿਹੜਾ ਸਿਰ ਗੁਰੂ ਦੇ ਦਵਾਰੇ ਉਤੇ ਰਖਦਾ ਏ,
ਬਾਬਾ ਮੇਰਾ ਉਹਨੂੰ ਭਵ ਸਾਗਰਾਂ ਚੋਂ ਤਾਰਦਾ।

ਨਾਮ ਰਸ ਛਕਿਆ ਸੀ ਗੁਰੂ ਮੇਰੇ ਪੰਜਵੇਂ ਨੇ,
ਡੋਲਿਆ ਨਾ ਗੁਰੂ ਤੱਤੀ ਤਵੀ ਤੇ ਬਿਠਾਲਿਆਂ।
ਰੋਇਆ ਪ੍ਰਮਾਤਮਾ ਨ ਡੋਲੀ ਪਰ ਆਤਮਾ ਸੀ,
ਤੂਹ ਨਹੀਂ ਡੋਲੀ ਵਿਚ ਦੇਗ ਦੇ ਉਬਾਲਿਆਂ।

ਧਾਨਾਂ ਵਾਂਗੂੰ ਭੁਨਿਆਂ ਸਰੀਰ ਹੈਸੀ ਰੇਤ ਤੱਤੀ,
ਟਲੀ ਨਹੀਂ ਹੋਣੀ ਕਦੀ ਕਿਸੇ ਤੋਂ ਵੀ ਟਾਲਿਆਂ।
ਠੰਡ ਪਈ ਆਤਮਾਂ ਨੂੰ ਆਤਮਾਂ ਨਿਹਾਲ ਹੋਈ,
ਚਿਤ ਪ੍ਰਸੰਨ ਕੀਤਾ ਚਿੱਟੇ ਚਿੱਟੇ ਛਾਲਿਆਂ।
ਬੰਦ ਬੰਦ ਕਟ ਜਾਣ ਬੰਦਾ ਤਾਂ ਵੀ ਡੋਲਦਾ ਨਹੀਂ,
ਜੇਹੜਾ ਨਾਮ ਲਵੇ ਮੇਰੀ ਸੱਚੀ ਸਰਕਾਰ ਦਾ।
ਜੇਹੜਾ ਸਿਰ ਗੁਰੂ ਦੇ ਦਵਾਰੇ ਉਤੇ ਰਖਦਾ ਏ,
ਬਾਬਾ ਮੇਰਾ ਉਹਨੂੰ ਭਵ ਸਾਗਰਾਂ ਤੋਂ ਤਾਰਦਾ।

ਜੇਹੜਾ ਜੇਹੜਾ ਆਂਵਦਾ ਏ ਹਥ ਦੇਵੇਂ ਜੋੜ ਕੇ ਤੇ,
ਜੁੜਦਾ ਏ ਵਿਚ ਜੇਹੜਾ ਸੰਗਤਾਂ ਦੇ ਜੋੜਿਆਂ।
ਪੁਜ ਪੁਜ ਦਰ ਉਤੇ ਦਰੀਯਾਂ ਜੋ ਝਾੜਦਾ ਏ,
ਪਾਂਵਦਾ ਉਹ ਮੁਕਤੀ ਨੂੰ ਬਿਨਾਂ ਕੁਝ ਲੋੜਿਆਂ।
ਕੋਹਲੂ ਵਿਚ ਪਿਆਂ ਵੀ ਨਾ ਭਗਤੀ ਏਹ ਡੋਲਦੀ ਏ,
ਨਿਕਲਦਾ ਏ ਰਸ ਸੋਹਣਾ ਫੁਲ ਨੂੰ ਨਚੋੜਿਆਂ।
ਰਬ ਦਿਆਂ ਭਗਤਾਂ ਨੂੰ ਦਿਓ ਜੀ ਮਰੋੜ ਭਾਵੇਂ,
ਦਾਣੇ ਈ ਤਾਂ ਮਿਲਦੇ ਨੇ ਸਿਟੇ ਨੂੰ ਮਰੋੜਿਆਂ।
'ਓਮ' ਨਹੀਂ ਭੇਦ ਕੋਈ ਮਾਛੀ ਛੀਂਬੇ ਬਾਮ੍ਹਨਾਂ ਦਾ,
ਕੋਈ ਨਹੀਂ ਸਵਾਲ ਏਥੇ ਜਟ ਤੇ ਲੁਹਾਰ ਦਾ।
ਜੇਹੜਾ ਸਿਰ ਗੁਰੂ ਦੇ ਦਵਾਰੇ ਉਤੇ ਰਖਦਾ ਏ,
ਬਾਬਾ ਮੇਰਾ ਉਹਨੂੰ ਭਵ ਸਾਗਰਾਂ ਚੋਂ ਤਾਰਦਾ।

ਬਖਸ਼ ਦੇ

ਗੁਨਾਹ ਦਾ ਜਾਮ ਪੀਤਾ ਮੈਂ,
ਗੁਨਾਹ ਦਾ ਹੀ ਮੁਆਲੀ ਹਾਂ।
ਗੁਨਾਹ ਦਾ ਰੁਖ ਮੈਂ ਦਾਤਾ,
ਭਰੀ ਪਾਪਾਂ ਦੀ ਡਾਲੀ ਹਾਂ।
ਬਖ਼ਸ਼ ਪਾਪੀ ਨੂੰ ਐ ਦਾਤਾ,
ਤੇਰੇ ਦਰ ਦਾ ਸਵਾਲ਼ੀ ਹਾਂ।
ਭਿਖਾਰੀ ਹਾਂ ਤੇਰੇ ਦਰ ਦਾ,
ਮੈਂ ਆਇਆ ਫੜ ਪਿਆਲੀ ਹਾਂ।
ਹੈ ਬੇੜੀ 'ਓਮ' ਪਾਪਾਂ ਦੀ,
ਤੇ ਚਪੂ ਕੋਲ ਨਹੀਂ ਕੋਈ।
ਮੇਰੀ ਨਯਾ ਲਗਾ ਦੇ ਪਾਰ,
ਮੈਂ ਚਪੂ ਤੋਂ ਖਾਲੀ ਹਾਂ।

ਸ਼ੇਰੇ ਪੰਜਾਬ ਨੂੰ ਸੁਨੇਹਾ

[ਮੇਰੇ ਪੂਜਯ ਉਸਤਾਦ ਸ਼੍ਰੀ ਤਾਰਾ ਚੰਦ ਜੀ 'ਆਜ਼ਾਦ' ਦੀ
'ਤੇਗ਼ਾਂ ਦੀ ਛਾਵੇਂ' ਪੁਸਤਕ ਵਿਚੋਂ ਉਹਨਾਂ ਦੀ ਇਨਾਮੀ
ਕਵਿਤਾ 'ਸੁਪਨੇ ਵਿਚ' ਪੜ੍ਹਨ ਤੋਂ ਬਾਅਦ ਇਹ
ਕਵਿਤਾ ਲਿਖਣ ਦਾ ਫੁਰਨਾ ਫੁਰਿਆ]

—0—

ਜਦੋਂ ਦਾ ਗਿਆ ਏਂ ਤੂੰ ਪੰਜਾਬ ਛਡ ਕੇ,
ਚਲੇ ਗਏ ਤੇਰੇ ਦਿਲ ਦੇ ਅਰਮਾਨ ਸਾਰੇ।
ਧਰਮ ਤੇ ਕਰਮ ਦੀ ਹੈ ਹੋਈ ਸਫ਼ਾਈ,
ਚਲੇ ਗਏ ਨੇ ਲੋਕਾਂ ਦੇ ਈਮਾਨ ਸਾਰੇ।

ਗਏ ਤੇਰੇ ਯੋਧੇ ਨਾ ਜਰਨੈਲ ਦਿਸਦੇ,
ਚਲੇ ਗਏ ਜ਼ਮਾਨੇ ਤੋਂ ਬਲਵਾਨ ਸਾਰੇ।
ਉਜੜ ਗਏ ਤੇਰੇ ਲਹਿਲਹਾਂਦੇ ਬਗ਼ੀਚੇ,
ਚਲੇ ਗਏ ਜਹਾਂ ਤੋਂ ਗੁਲਿਸਤਾਨ ਸਾਰੇ।

———

ਨਹੀਂ ਮੈਨੂੰ ਦਿਸਦਾ ਕੋਈ ਗਾਣ ਵਾਲਾ,
ਅਦਲ ਤੇਰੇ ਵਾਲੇ ਉਹ ਸੋਹਣੇ ਤਰਾਨੇ।
ਵਤਨ ਖੁਸ ਗਿਆ ਤੇ ਮੁਹੱਬਤ ਮਿਟੀ ਏ,
ਨਹੀਂ ਮੈਨੂੰ ਦਿਸਦੇ ਵਤਨ ਦੇ ਦੀਵਾਨੇ।

ਸ਼ਮ੍ਹਾ ਵੇਖ ਬਲਦੀ ਨਾ ਕੁਰਬਾਨ ਹੋਵਣ,
ਤੇ ਪਰਵਾਨੇ ਕਰਦੇ ਫਿਰਨ ਪਏ ਬਹਾਨੇ।
ਨਾ ਬੁਲਬੁਲ ਨਾ ਉਹਦਾ ਚਮਨ ਹੀ ਰਿਹਾ ਏ,
ਤੇ ਛਾਇਆ ਏ ਮਾਤਮ ਗਏ ਆਸ਼ਿਆਨੇ।

ਕੰਵਰ ਜੋ ਗਿਆ ਸੀ ਉਹ ਮੁੜ ਕੇ ਨਾ ਆਯਾ,
ਤੇ ਅਖਾਂ ਤੋਂ ਓਹਲੇ ਤੇਰਾ ਨੂਰ ਹੋਇਆ।
ਤੇ ਲੁੱਟੇ ਗਏ ਨੇ ਤੇਰੇ ਕਈ ਖ਼ਜ਼ਾਨੇ,
ਤੇ ਕੈਦੀ ਤੇ ਟੋਟੇ ਹੈ ਕੋਹ ਨੂਰ ਹੋਇਆ।

ਅਸੀ ਪਏ ਤੜਫਦੇ ਹਾਂ ਮੱਛੀ ਦੇ ਵਾਂਗੂ,
ਤੂੰ ਆਪਣੀ ਜਗ੍ਹਾ ਤੇ ਹੈਂ ਮਜਬੂਰ ਹੋਇਆ।
ਤੇ ਪੈਂਡਾ ਜੋ ਤੇਰੀ ਮੜ੍ਹੀ ਦਾ ਹੈ ਸਾਨੂੰ,
ਉਹ ਲਖਾਂ ਕੋਹਾਂ ਤੋਂ ਪਰ੍ਹੇ ਦੂਰ ਹੋਇਆ।

ਮਿਟਾਇਆ ਹੈ ਤੇਰਾ ਅਸਾਂ ਰੋਅਬ ਸ਼ੇਰਾ,
ਗਈ ਤੇਰੀ ਦੌਲਤ ਗਿਆ ਦਾਬ ਤੇਰਾ।
ਮੈਂ ਤੇਰੀ ਸਮਾਧੀ ਲਈ ਹਾਂ ਤਰਸਦਾ,
ਤੇ ਹੋਇਆ ਹਾਂ ਦੀਵਾਨਾ ਬੇਤਾਬ ਤੇਰਾ।

ਕਿੱਥੇ ਸੁਨਹਿਰੀ ਹੈ ਇਤਹਾਸ ਤੇਰਾ,
ਉਹ ਭੁੱਲਾ ਏ ਤਾਰੀਖ਼ ਦਾ ਬਾਬ ਤੇਰਾ।
ਤੇਰੀ ਆਬਰੂ ਉਤੇ ਡਾਕੇ ਨੇ ਪੈ ਗਏ,
ਤੇ ਮਿੱਟੀ 'ਚ ਰੁਲਿਆ ਹੈ ਪੰਜਾਬ ਤੇਰਾ।

ਕਈ ਮਹੰਤ ਤੇ ਸੰਤ ਪੈਦਾ ਨੇ ਹੋ ਗਏ,
ਖ਼ੁਰਾਕਾਂ ਪਰੌਂਠੇ ਤੇ ਰੋਟਾਂ ਦੀ ਖ਼ਾਤਰ।
ਕਈ ਪੰਚ ਬਣ ਗਏ ਜੋ ਗ਼ੱਦਾਰ ਸੀਗੇ,
ਧੜੇ ਬਾਜ਼ੀਆਂ ਤੇ ਲੰਗੋਟਾਂ ਦੀ ਖ਼ਾਤਰ।
ਤੇ ਲਖਾਂ ਕਮੀਨੇ ਕਈ ਕੌਮ ਘਾਤਕ,
ਨੇ ਹਸਤੀ ਮਿਟਾ ਬੈਠੇ ਵੋਟਾਂ ਦੀ ਖਾਤਰ।
ਕਈ ਝੁੱਲੇ ਹੋਏ ਖ਼ਿਤਾਬਾਂ ਦੀ ਖ਼ਾਤਰ,
ਵਤਨ ਨੂੰ ਗਵਾਇਆ ਨੇ ਨੋਟਾਂ ਦੀ ਖ਼ਾਤਰ।

ਹੈ ਮਤਲਬ ਪਰਸਤੀ ਦਾ ਬੀ ਐਸਾ ਆਇਆ,
ਨਕੱਮੇ ਸੀ ਫ਼ੌਜਾਂ ਦੇ ਯਲਗ਼ਾਰ ਸਾਰੇ।
ਵਤਨ ਦੇ ਬੁਰਜ ਸੀ ਜੋ ਸਿਮਪਾਰ ਹੋ ਗਏ,
ਤੇ ਨੀਹਾਂ ਤੋਂ ਹਿੱਲੇ ਨੇ ਕੌਮੀ ਚੁਬਾਰੇ।
ਉਹ ਮਿੱਟੀ ਦੇ ਸੰਗ ਹੋ ਕੇ ਮਿੱਟੀ ਨੇ ਹੋ ਗਏ।
ਵਤਨ ਦੇ ਨਿਸ਼ਾਂ ਜੋ ਸੀ ਕੌਮੀ ਮੁਨਾਰੇ।
ਬੇਗਾਨੇ ਤੇ ਆਪਨੇ ਸੀ ਗ਼ੱਦਾਰ ਹੋ ਗਏ।
ਸੀ ਬੇ-ਬਸ ਤੇ ਮਜਬੂਰ ਸਭ ਪੰਥ ਤਾਰੇ।

ਪਏ ਅੱਖਾਂ ਚੋਂ ਵੈਂਹਦੇ ਨਦੀ ਨਾਲੇ ਨਾਲੇ,
ਤੇ ਘਰ ਘਰ ਦੇ ਵਿਚ ਪੈ ਪਵਾੜੇ ਗਏ ਨੇ।
ਤੇਰੀ ਰਾਜ ਭੂਮੀ ਦੇ ਸੀਨੇ ਦੇ ਉਤੋਂ,
ਕਈ ਲੋਕ ਵਸਦੇ ਉਜਾੜੇ ਗਏ ਨੇ।

ਜੋ ਗੁੰਚੇ ਸੀ ਹਥਾਂ 'ਚ ਮਸਲੇ ਗਏ ਨੇ,
ਤੇ ਪੈਰਾਂ 'ਚ ਫੁਲ ਵੀ ਲਤਾੜੇ ਗਏ ਨੇ।
ਤੇ ਕਿੰਨੇ ਈ ਮੰਦਰ ਗੁਰੂ ਦੇ ਦਵਾਰੇ,
ਤੇਰੇ ਰਾਜ ਅੰਦਰ ਹੀ ਸਾੜੇ ਗਏ।

ਅੱਖਾਂ 'ਚ ਰਹਿੰਦਾ ਏ ਰਾਵੀ ਦਾ ਪਾਣੀ,
ਤੇ ਪਲਕਾਂ ਦੇ ਬਣ ਗਏ ਨੇ ਰਾਵੀ ਕਿਨਾਰੇ।
ਨੇ ਜੇਹਲਮ ਝਨਾਂ ਮੇਰੇ ਸੀਨੇ ਤੇ ਵੈਂਹਦੇ,
ਕਦੀ ਨਾ ਭੁਲਾਸਾਂ ਮੈਂ ਪਾਣੀ ਪਿਆਰੇ।

ਕੇਹੜਾ ਆਕੇ ਦਸੇ ਤੇਰੀ ਸ਼ਾਨ ਸ਼ੇਰਾ,
ਤੇ ਅਟਕਾਂ ਨੂੰ ਅਟਕਾਣ ਵਾਲੇ ਨਜ਼ਾਰੇ।
ਕੇਹੜਾ ਆ ਕੇ ਜਮਰੌਦ ਉਤੇ ਝੁਲਾਵੇ,
ਦੇਵੇ ਕੇਸਰੀ ਨੂੰ ਪਵਨ ਦੇ ਹੁਲਾਰੇ।

ਚਾਕਰ ਤੇਰੀ ਕੌਮ ਦਾ ਮੈਂ ਕਵੀ ਹਾਂ,
ਮੈਂ ਰਾਵੀ ਤਰਾਂ ਗਾ ਤੇ ਲਖਾਂ ਤਰਾਸਾਂ।
ਮੇਰੀ ਮੌਤ ਅੰਦਰ ਹੈ ਜੀਵਨ ਨਿਰਾਲਾ,
ਮੈਂ ਆਪੂੰ ਮਰਾਂ ਗਾ ਤੇ ਲਖਾਂ ਜਿਵਾਸਾਂ।

ਬਣਾ ਖ਼ੂਨ ਹਡੀਆਂ ਦਾ ਦੀਵਾ ਤੇ ਵਟੀ,
ਨਿਰਾਲੀ ਸ਼ਮ੍ਹਾਂ ਮੈਂ ਵਤਨ ਲਈ ਜਗਾਸਾਂ।
ਵਤਨ ਦੀ ਸ਼ਮ੍ਹਾਂ ਤੇ ਜੋ ਮਿੱਟੀ ਨੇ ਹੋਏ,
ਮੈਂ ਉਹਨਾਂ ਦੇ ਫੜ ਫੜ ਕੇ ਡੋਲੇ ਉਠਾਸਾਂ।

ਅਮਾਨਤ ਦੇ ਅੰਦਰ ਹੈ ਹੋਈ ਖ਼ਿਆਨਤ,
ਸ਼ਹਾਦਤ ਦੀ ਬੁਨਯਾਦ ਫਿਰ ਤੋਂ ਧਰਾਂਗਾ।
ਜੋ ਨਾਸ਼ਾਦ ਜਿੰਦਾਂ ਤੇਰੀ ਜਿੰਦ ਬਾਹਝੋਂ,
ਮੈਂ ਉਹਨਾਂ ਦੀ ਰੂਹ ਸ਼ਾਦ ਫਿਰ ਤੋਂ ਕਰਾਂਗਾ।
ਜੋ ਆਬਾਦ ਹੋਏ ਨੇ ਲਾਸ਼ਾਂ ਦੇ ਉਤੇ,
ਮੈਂ ਉਹਨਾਂ ਨੂੰ ਬਰਬਾਦ ਫਿਰ ਤੋਂ ਕਰਾਂਗਾ।
ਮੈਂ ਜਾਂ 'ਓਮ, ਆਪਣੀ ਮੜ੍ਹੀ ਨੂੰ ਬਨਾਸਾਂ,
ਜਾਂ 'ਆਜ਼ਾਦ, ਤੇਰੀ ਮੜ੍ਹੀ ਨੂੰ ਕਰਾਂਗਾ।

--o--

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ

(ਇਸ ਕਵਿਤਾ ਵਿਚ ਨੀਲੇ ਘੋੜੇ ਵਾਲੇ ਮਾਹੀ ਦੀ ਬਾਲ
ਲੀਲ੍ਹਾ ਦੀ ਤਸਵੀਰ ਖਿੱਚੀ ਹੈ)

ਮੱਥੇ ਤੇ ਸੂਰਜ ਚਮਕਦਾ,
ਅੱਖੀਆਂ ਦੇ ਵਿਚ ਦੋ ਚੰਦਰਮਾਂ।
ਕਲਗ਼ੀ ਦੇ ਉਤੇ ਆਸਮਾਂ,
ਤੇ ਤਾਰਿਆਂ ਦਾ ਨੂਰ ਸੀ।
ਉਹ ਰਾਮ ਸੀ ਹਨੂਮਾਨ ਦਾ,
ਅਰਜਨ ਦਾ ਸੀ ਘਨੀਸ਼ਾਮ ਉਹ।
ਲੱਖਾਂ ਸੀ ਮੂਸੇ ਤਰਸਦੇ,
ਮੂਸਾ ਦਾ ਉਹ ਕੋਹ ਤੂਰ ਸੀ।

ਕਲੀਆਂ ਦੇ ਵਾਂਗੂੰ ਦੰਦ ਸੀ,
ਮੋਤੀ ਸੀ ਮੂੰਹ ਚੋਂ ਕੇਰਦਾ।
ਲਾਲਾਂ ਦਾ ਉਹ ਭੰਡਾਰ ਸੀ,
ਦੁਨੀਆਂ ਨੂੰ ਨਜ਼ਰੀਂ ਆਂਵਦਾ।

ਅਬਰੂ ਦੇ ਸੋਹਣੇ ਅਬਰ ਚੋਂ,
ਰਹਿਮਤ ਦੇ ਮੋਤੀ ਬਰਸਦੇ।
ਰੁਖ਼ਸਾਰ ਦੇ ਗੁਲਜ਼ਾਰ ਵਿਚ,
ਜੋਬਨ ਸੀ ਪੈਲਾਂ ਪਾਂਵਦਾ।

ਗੁਜਰੀ ਦਾ ਸੋਹਣਾ ਬਾਲ ਸੀ,
ਉਹ ਬਾਲ ਨਹੀਂ ਇਕਬਾਲ ਸੀ।
ਉਹ ਆਪ ਹੀ ਰਛਪਾਲ ਸੀ,
ਭਗਤਾਂ ਦਾ ਉਹ ਪ੍ਰਿਤਪਾਲ ਸੀ।
ਇਨਸਾਨੀਯਤ ਦੀ ਸ਼ਾਨ ਸੀ,
ਹਿੰਦੁਸਤਾਨ ਦੀ ਜਾਨ ਸੀ।
ਨੌਂ ਉਮਰ ਤੇ ਨੌਂ ਨਿਹਾਲ ਸੀ,
ਤੇ ਉਮਰ ਵੀ ਨੌਂ ਸਾਲ ਸੀ।

ਸੰਗ ਢਾਲ ਤੇ ਸ਼ਮਸ਼ੀਰ ਸੀ,
ਤਰਕਸ਼ ਤੇ ਨਾਲੇ ਤੀਰ ਸੀ।
ਨੀਲੇ ਦਾ ਉਹ ਅਸਵਾਰ ਸੀ,
ਤੇ ਹਥ ਉਤੇ ਬਾਜ਼ ਸੀ।
ਸੋਹਣੇ ਗੁਲਾਬੀ ਹੋਠ ਸਨ,
ਤੋਤੇ ਦੇ ਜਿਦਾਂ ਖੰਬ ਨੇ।
ਤੋਤੇ ਦੇ ਵਾਂਗੂ ਤੋਤਲੀ ਜਹੀ,
ਉਸ ਦੀ ਆਵਾਜ਼ ਸੀ।

ਯਾਰਾਂ ਦੀਆਂ ਫ਼ੌਜਾਂ ਦੇ ਵਿਚ,
ਮਿੱਟੀ 'ਚ ਖੇਡਾਂ ਖੇਡਦਾ।
ਮੁਸਕਾਂਵਦਾ ਤੇ ਗਾਂਵਦਾ,
ਮਹਿਲਾਂ ਦੇ ਵਲ ਨੂੰ ਜਾਂਵਦਾ।
ਕਿੰਨੀ ਨਿਰਾਲੀ ਟੋਰ ਸੀ,
ਜੰਗਲ ਦਾ ਜਿੱਦਾਂ ਮੋਰ ਸੀ।
ਉਹ ਲਚਕਦਾ ਤੇ ਮਚਕਦਾ,
ਮੰਜ਼ਲ ਨੂੰ ਵਧਦਾ ਆਂਵਦਾ।

ਅਗੇ ਟਿਕਾਇਆ ਪੈਰ ਨੂੰ,
ਠੰਨਾਂ ਨੇ ਸੁਣਿਆ ਸ਼ੋਰ ਨੂੰ।
ਆਕਾਸ਼ ਸਾਰਾ ਗੂੰਜਿਆ,
ਸੁਣ ਸੁਣ ਕੇ ਹਾ ਹਾ ਕਾਰ ਨੂੰ।
ਕਰਤਾਰ ਦੇ ਅਜ ਰੰਗ ਵਿਚ,
ਕਰਤਾਰ ਖੇਡਾਂ ਖੇਡਦਾ।
ਹੁੰਦਾ ਹਮੇਸ਼ਾ ਜਗ ਤੇ,
ਜੋ ਭਾਂਵਦਾ ਕਰਤਾਰ ਨੂੰ।

ਕੀ ਵੇਖਿਆ ਸੁਲਤਾਨ ਨੇ,
ਬੱਚੇ ਸੀ ਚੀਕਾਂ ਮਾਰਦੇ।
ਨਾਰਾਂ ਦੇ ਖੁਸੇ ਵਾਲ ਸੀ,
ਨਾਰਾਂ ਹਜ਼ਾਰਾਂ ਰੋਂਦੀਆਂ।

ਅੱਖਾਂ ਸੀ ਗ਼ੋਤੇ ਖਾਂਦੀਆਂ,
ਰੋ ਰੋ ਕੇ ਤਰਲੇ ਪਾਂਦੀਆਂ।
ਚੇਹਰੇ ਤੇ ਵਰਖਾ ਕਰਦੀਆਂ,
ਤੇ ਲੀੜਿਆਂ ਨੂੰ ਧੋਂਦੀਆਂ।

ਤੂਫ਼ਾਨ ਉਠੇ ਜ਼ੋਰ ਦੇ,
ਬਿਜਲੀ ਸੀ ਕੜਕੀ ਕੈਹਰ ਦੀ।

ਬੂਟੇ ਸੀ ਲੱਖਾਂ ਸੁਕ ਗਏ,
ਤੇ ਫੁਲ ਕਈ ਮੁਰਝਾ ਗਏ।

ਮੌਸਮ ਖ਼ਿਜ਼ਾਂ ਦਾ ਆ ਗਿਆ,
ਸੀ ਟੈਹਣੀਆਂ ਵੀ ਟੁਟੀਆਂ।

ਤੇ ਟੈਹਣੀਆਂ ਦੇ ਨਾਲ ਜੋ,
ਗ਼ੁੰਚੇ ਸੀ ਉਹ ਮੁਰਝਾ ਗਏ।

ਮੱਥੇ ਦੇ ਉਤੇ ਤਿਲਕ ਸਨ,
ਤੇ ਧੋਤੀਆਂ ਸਨ ਬੱਧੀਆਂ।
ਉਹ ਹਥ ਸੀ ਪਏ ਜੋੜਦੇ,
ਰੋਂਦਾ ਪਿਆ ਕਸ਼ਮੀਰ ਸੀ।
ਉਹ ਜੋਕ ਸੀ ਜੋ ਬੇ ਗੁਨ੍ਹਾਂ ਦੇ
ਖ਼ੂਨ ਨੂੰ ਪਈ ਚੂਸਦੀ।
ਸੀ ਸੱਪਣੀ ਜੋ ਬੇ ਗੁਨ੍ਹਾਂ ਨੂੰ,
ਡਸ ਰਹੀ ਸ਼ਮਸ਼ੀਰ ਸੀ।

ਧਰਤੀ ਦਾ ਸੀਨਾ ਕੰਬਿਆ,
ਰੁਖਾਂ ਦੇ ਪੱਤੇ ਰੋ ਪਏ।
ਕੰਬੇ ਮਹਾਂ ਯੋਗੀ,
ਅਤੇ ਧਰਮਾਤਮਾਂ ਸੀ ਕੰਬਿਆ।
ਇਨਸਾਨ ਨੇ ਕੀ ਕੰਬਨਾ,
ਸ਼ੈਤਾਨ ਵੀ ਸੀ ਕੰਬਿਆ।
ਹਰ ਆਤਮਾ ਸੀ ਕੰਬ ਗਈ,
ਪ੍ਰਮਾਤਮਾਂ ਸੀ ਕੰਬਿਆ।

ਖ਼ੂਨਾਂ ਦੇ ਨਾਲੇ ਵੇਖ ਕੇ,
ਸੀਨੇ ਤੇ ਨਾਲੇ ਲਿਖ ਲੈ।
ਲੈ ਕੇ ਤਰਾਜ਼ੂ ਸੋਚ ਦਾ,
ਫ਼ਰਯਾਦ ਨੂੰ ਸੀ ਤੋਲਿਆ।
ਫਿਰ ਸ਼ਹਿਨਸ਼ਾਹ ਗੁਰ ਤੇਗ਼ ਨੂੰ,
ਦਿਲਗੀਰ ਹੁੰਦਾ ਵੇਖ ਕੇ।
ਦਸਮੇਸ਼ ਮੇਰਾ ਵੱਧ ਕੇ,
ਸ਼ੇਰਾਂ ਦੇ ਵਾਂਗੂੰ ਬੋਲਿਆ।

ਬੇ ਆਸਰੇ ਦਾ ਆਸਰਾ,
ਬੇ ਪੱਤਿਆਂ ਦੀ ਪੱਤ ਤੂੰ।
ਹੋਇਆ ਕਿਉਂ ਦਿਲਗੀਰ ਹੈਂ,
ਟੁੱਟੇ ਬਨਾਵਨ ਵਾਲਿਆ।

ਸਾਰਾ ਜ਼ਮਾਨਾ ਜਾਣਦਾ,
ਵਾਲੀ ਏਂ ਤੂੰ ਸੰਸਾਰ ਦਾ।
ਕੀ ਰਾਜ਼ ਹੈ ਇਸ ਖੇਲ ਦਾ,
ਮੁਰਦੇ ਜਵਾਵਣ ਵਾਲਿਆ।

ਫਿਰ ਖੋਲ੍ਹ ਕੇ ਸੀ ਹਾਲ ਸਾਰਾ।
ਸ਼ਹਿਨਸ਼ਾਹ ਨੇ ਦਸਿਆ।
ਮੁਗ਼ਲਾਂ ਦੇ ਅਤਿਆਚਾਰ ਜੋ,
ਇਸ ਦੇਸ਼ ਵਿਚ ਸੀ ਹੋ ਰਹੇ।
ਵਿਧਵਾ ਹਜ਼ਾਰਾਂ ਰੋਂਦੀਆਂ,
ਮਾਪੇ ਸੀ ਔਤਰ ਹੋ ਗਏ।
ਬਿਨ ਮਾਂ ਪਿਉ ਦੇ ਬਾਲ ਸੀ,
ਭਾਰਤ ਦੇ ਅੰਦਰ ਰੋ ਰਹੇ।

ਨਾਗਨ ਹੈ ਦਿਲੀ ਸ਼ਹਿਰ ਦੀ,
ਜੋ ਖ਼ੂਨ ਪੀ ਨਹੀਂ ਰੱਜਦੀ।
ਕੌਤਕ ਨਿਰਾਲੇ ਵੇਖਨਾਂ,
ਇਸ ਦੇਸ਼ ਵਿਚ ਦਾਤਾਰ ਦੇ।
ਮੈਂ ਮਹਾਂ ਪੁਰਸ਼ ਕੋਈ ਲੋੜਨਾਂ,
ਜੋ ਸੀਸ ਆਪਣਾ ਵਾਰ ਕੇ।
ਅਰਮਾਨ ਜੋ ਠੰਡੇ ਕਰੇ,
ਉਸ ਭੜਕਦੀ ਤਲਵਾਰ ਦੇ।

ਦਸਮੇਸ਼ ਮੇਰਾ ਗੱਜਿਆ,
ਦੁਨੀਆਂ ਦਾ ਤੂੰ ਸਿਰਤਾਜ ਹੈਂ।

ਦਿਲੀ ਦੇ ਅੰਦਰ ਪੁਜ ਕੇ,
ਤੂੰ ਸੀਸ ਆਪਣਾ ਵਾਰ ਦੇ।
ਤੂੰ ਡਗਮਗਾਂਦੀ ਕੌਮ ਦੀ,
ਨੱਯਾ ਜੋ ਵਿਚ ਮੰਝਧਾਰ ਦੇ।
ਅਜ ਲਾ ਕੇ ਚਪੂ ਸੀਸ ਦਾ,
ਨੱਯਾ ਭੰਵਰ ਚੋਂ ਤਾਰ ਦੇ।

ਦਿਲੀ ਦੇ ਅੰਦਰ ਪੁਜ ਕੇ ਤੇ,
ਚਾਂਦਨੀ ਦੇ ਚੌਕ ਵਿਚ।

ਗੁਰ ਤੇਗ਼ ਮੇਰੇ ਲਾ ਕੇ ਬਾਜ਼ੀ,
ਸੀਸ ਨੂੰ ਸੀ ਵਾਰਿਆ।
ਭਠੇ ਦੇ ਵਾਂਗੂ ਕੌਮ ਦਾ,
ਸੀ 'ਓਮ' ਸੀਨਾਂ ਤੱਪਦਾ।

ਉਸ ਮਾਰ ਛਟੇ ਖ਼ੂਨ ਦੇ,
ਬਰਫ਼ਾਂ ਦੇ ਵਾਂਗੂ ਠਾਰਿਆ।

—o—

ਕੁਝ ਆਪਣਾ ਆਪ ਸਵਾਰ ਲੈ ਤੂੰ

ਤੇਰੀ ਪਾਪ ਦੀ ਬੇੜੀ ਹੈ ਡੋਲਦੀ ਪਈ,
ਉਠ ਪਾਪ ਦੀ ਬੇੜੀ ਨੂੰ ਤਾਰ ਲੈ ਤੂੰ।
ਫਸੀ ਜਿੰਦ ਜੰਜਾਲ ਦੇ ਵਿਚ ਤੇਰੀ,
ਏਸ ਜਿੰਦ ਨੂੰ ਵਿਚੋਂ ਨਤਾਰ ਲੈ ਤੂੰ।
ਛੇੜ ਦਿਲ ਦੀ ਕੋਈ ਸਿਤਾਰ ਐਸੀ,
ਵਸ ਆਪਣੇ ਕਰ ਸਿਤਾਰ ਲੈ ਤੂੰ।
ਪੀ ਪੀ ਬੋਲ ਕੇ ਪ੍ਰੇਮ ਤੇ ਪਿਆਰ ਅੰਦਰ,
ਕਰ ਪੀ ਦਾ ਚੰਨ ਦੀਦਾਰ ਲੈ ਤੂੰ।

ਤੇਰਾ ਦਿਲ ਹੈ ਬਹੁਤ ਹੀ ਤਪ ਚੁਕਾ,
ਕਰ ਤਪ ਤੇ ਦਿਲ ਨੂੰ ਠਾਰ ਲੈ ਤੂੰ।
ਉਠ ਹਿੰਦ ਦੇ ਰੁਲਦਿਆ ਹੀਰਿਆ ਓਏ,
ਕੁਝ ਆਪਣਾ ਆਪ ਸਵਾਰ ਲੈ ਤੂੰ।

ਗੱਲ ਗੱਲ ਦੇ ਵਿਚ ਤੂੰ ਪਾਪ ਕਰਨੈਂ,
ਵੇਖ ਦਲਦਲ ਦੇ ਵਿਚ ਹੈ ਗਲ ਤੇਰਾ।
ਛਲ ਤੇਰਾ ਹੈ ਛਲਕਦਾ ਕੰਢਿਆਂ ਤੇ,
ਮੁਕ ਜਾਵਣਾ ਆਖਰੀ ਛਲ ਤੇਰਾ।
ਪਲ ਪਲ ਕੇ ਸੰਢੇ ਦੇ ਵਾਂਗ ਹੋਇਓਂ,
ਲਗੇ ਰਬ ਦੇ ਵਲ ਨਾ ਪਲ ਤੇਰਾ।
ਕਲ ਕਲ ਦੇ ਵਿਚ ਤੂੰ ਜੀਂਵਦਾ ਹੈਂ,
ਕੱਲ ਕਾਲ ਹੋਣੈਂ ਏਹੋ ਕਲ ਤੇਰਾ।

ਨੀਵਾਂ ਹੋ ਕੇ ਨਿਮਰਤਾ ਨਾਲ ਚੰਨਾ,
ਦੁਖ ਆਪਣੇ ਸਾਰੇ ਨਿਵਾਰ ਲੈ ਤੂੰ।
ਉਠ ਹਿੰਦ ਦੇ ਟੁਲਦਿਆ ਹੀਰਿਆ ਓਏ,
ਕੁਝ ਆਪਣਾ ਆਪ ਸਵਾਰ ਲੈ ਤੂੰ।

ਬਣ ਬਣ ਕੇ ਜੋਗੀ ਤੂੰ ਬਣ ਜਾਵੇਂ,
ਕਾਹਨੂੰ ਰੇਤ ਤੇ ਚਾਹੜਨੈਂ ਬੰਨ ਚੰਨਾ।
ਮਨ ਮਾਨੀਆਂ ਕਰੇਂ ਤੂੰ ਜੱਗ ਉਤੇ,
ਮਨ ਮਾਰ ਕੇ ਮਨ ਨੂੰ ਮੰਨ ਚੰਨਾਂ।
ਜਦੋਂ ਮੱਸਿਆ ਆਵੇ ਤੇ ਮੁਕ ਜਾਂਦੇ,
ਪੂਰਨਮਾਸ਼ੀ ਦਾ ਪੂਰਾ ਉਹ ਚੰਨ ਚੰਨਾਂ।
ਤਨ ਮਨ ਤੇ ਧਨ ਨੂੰ ਵਾਰ ਦੇ ਤੂੰ,
ਤੇਰਾ ਮਿੱਟੀ ਦਾ ਬਣਿਆਂ ਏ ਤਨ ਚੰਨਾਂ।

ਗੋਤੇ ਖਾਂਵਦੀ ਤੇ ਡਗਮਗਾਂਵਦੀ ਏ,
ਡੁਬਦੀ ਬੇੜੀ ਦੇ ਤਾਈਂ ਉਭਾਰ ਲੈ ਤੂੰ।
ਉਠ ਹਿੰਦ ਦੇ ਰੁਲਦਿਆ ਹੀਰਿਆ ਉਏ,
ਕੁਝ ਆਪਣਾ ਆਪ ਸਵਾਰ ਲੈ ਤੂੰ।

ਘਰ ਘਰ ਜਾ ਕੇ ਠੋਕਰਾਂ ਫਿਰੇਂ ਖਾਂਦਾ,
ਤੇਰੇ ਮਨ ਦੇ ਵਿਚ ਨਹੀਂ ਘਰ ਤੇਰਾ।
ਕਬਰਾਂ ਉਤੇ ਹੈ ਸਰਕਦਾ ਸਿਰ ਤੇਰਾ,
ਸਰ ਹੋਇਆ ਨਹੀਂ ਅਜੇ ਇਹ ਸਰ ਤੇਰਾ।
ਤੈਨੂੰ ਵਰ ਹੈ ਗੁਰਾਂ ਦੇ ਨਾਮ ਵਾਲਾ,
ਵੀਰਾ ਵਰ ਲੈ ਜਿਹੜਾ ਹੈ ਵਰ ਤੇਰਾ।
ਦਰ ਦਰ ਦੇ ਉਤੇ ਕਿਉਂ ਰੁਲਦਾ ਏਂ,
ਤੈਨੂੰ ਲਭਦਾ ਕਿਉਂ ਨਹੀਂ ਦਰ ਤੇਰਾ।
ਕਾਮ ਕਰੋਧ ਤੇ ਲੋਭ ਹੰਕਾਰ ਨਾਲੇ,
ਮੋਹ ਚੰਦਰੇ ਨੂੰ ਮਨੋਂ ਮਾਰ ਲੈ ਤੂੰ।
ਉਠ ਹਿੰਦ ਦੇ ਰੁਲਦਿਆ ਹੀਰਿਆ ਓਏ,
ਕੁਝ ਆਪਣਾ ਆਪ ਸਵਾਰ ਲੈ ਤੂੰ।

ਠੁਟ ਕੁਟ ਕੇ ਕੁਟ ਨੂੰ ਕੁਟ ਲੈ ਤੂੰ,
ਕੁਟ ਚਾਂਦੀ ਬਨਾਵਣਾ ਬਹੁਤ ਔਖਾ।
ਘੜ ਘੜ ਕੇ ਤੇ ਕਚੇ ਘੜੇ ਤਾਈਂ,
ਵਿਚ ਪਾਣੀ ਤਰਾਵਣਾ ਬਹੁਤ ਔਖਾ।

ਜਿਹਦੇ ਕੰਨਾਂ ਦੇ ਪਰਦੇ ਨੇ ਪਾਟ ਚੁਕੇ,
ਉਹਨੂੰ ਗੀਤ ਸੁਨਾਵਣਾ ਬਹੁਤ ਔਖਾ।
ਰੁਲ ਰੁਲ ਕੇ ਘਰਾਂ ਬਿਗਾਨਿਆਂ ਤੇ,
ਫੇਰ ਮੁਕਤੀ ਨੂੰ ਪਾਵਣਾ ਬਹੁਤ ਔਖਾ।
ਕਰਨੀ ਕਰ ਤੂੰ ਜਗ ਤੇ ਕੋਈ ਐਸੀ,
ਵੱਸ ਆਪਣੇ ਕਰ ਕਰਤਾਰ ਲੈ ਤੂੰ।
ਉਠ ਹਿੰਦ ਦੇ ਰੁਲਦਿਆ ਹੀਰਿਆ ਓਇ,
ਕੁਝ ਆਪਣਾ ਆਪ ਸਵਾਰ ਲੈ ਤੂੰ।

ਵਿਚ ਬੰਦਗੀ ਬੰਦਿਆ ਲੀਨ ਹੋ ਜਾ,
ਟੁਟ ਜਾਵਣਾ ਸ਼ਾਨ ਗੁਮਾਨ ਤੇਰਾ।
ਹਥ ਕੰਬਣੇ ਦੰਦ ਨੇ ਡਿਗ ਪੈਣੇ,
ਲਕ ਝੁਕਣਾ ਵਾਂਗ ਕਮਾਨ ਤੇਰਾ।
ਇਹ ਸਾਹ ਉਡਾਰੀਆਂ ਮਾਰ ਜਾਣਾ,
ਏਥੋਂ ਨਿਕਲਣਾ ਫੇਰ ਬਬਾਨ ਤੇਰਾ।
ਹੁਣੇ ਝੁਕ ਜਾ ਬਾਬੇ ਦੇ ਚਰਨ ਉਤੇ,
ਜਿਹੜਾ ਹਰ ਵੇਲੇ ਨਿਗਾਹਬਾਨ ਤੇਰਾ।
ਜਿਹੜਾ ਠੱਗ ਦੀ ਬੇੜੀ ਨੂੰ ਤਾਰ ਦੇਂਦੈ,
ਮੱਲ ਓਸ ਦਾ 'ਓਮ' ਦਵਾਰ ਲੈ ਤੂੰ।
ਉਠ ਹਿੰਦ ਦੇ ਰੁਲਦਿਆ ਹੀਰਿਆ ਓਇ,
ਕੁਝ ਆਪਣਾ ਆਪ ਸਵਾਰ ਲੈ ਤੂੰ।

'ਓਮ' ਨਾ ਹੁੰਦਾ

ਜੇ ਗੁਰੂ ਨਾਨਕ ਸਾਹਿਬ ਮੇਰੇ,
ਜਗ ਤੇ ਪੈਦਾ ਹੁੰਦੇ ਨਾ।
ਜੇ ਬਾਬੇ ਦੇ ਨਾਂ ਪਿਛੇ,
ਪ੍ਰਵਾਨੇ ਸ਼ੈਦਾ ਹੁੰਦੇ ਨਾ।

ਜੇ ਰੱਬ ਮੇਰਾ ਬਣ ਗੁਰ ਅਰਜਨ,
ਤਵੀਆਂ ਉਤੇ ਬਹਿੰਦਾ ਨਾ।
ਗਰਮ ਗਰਮ ਰੇਤਾਂ ਦੇ ਕੜਛੇ,
ਸਿਰ ਦੇ ਉਤੇ ਸਹਿੰਦਾ ਨਾ।

ਜੇ ਇਨਸਾਨ ਦੇ ਜਾਮੇ ਅੰਦਰ,
ਕਾਦਰ ਮੇਰਾ ਆਂਦਾ ਨਾ।
ਜੇ ਗੁਰ ਤੇਗ਼ ਬਹਾਦਰ ਵੀ,
ਦਿਲੀ ਵਿਚ ਸੀਸ ਕਟਾਂਦਾ ਨਾ।

ਜੇ ਦਸਮੇਸ਼ ਜਿਗਰ ਦੇ ਟੋਟੇ,
ਵਿਚ ਚਮਕੌਰ ਕੁਹਾਂਦਾ ਨਾ।
ਜੇ ਲਾਲਾਂ ਦੀ ਜੋੜੀ ਨੂੰ,
ਕੰਧਾਂ ਦੇ ਵਿਚ ਚੁਨਾਂਦਾ ਨਾ।

ਏਹ ਨਾ ਮੇਰੀ ਧਰਤੀ ਹੁੰਦੀ,
ਇਹ ਮੇਰਾ ਆਕਾਸ਼ ਨਾ ਹੁੰਦਾ।
'ਓਮ' ਨਾ ਹੁੰਦਾ ਜਗ ਤੇ ਕੋਈ,
ਏਥੇ ਕੋਈ 'ਪ੍ਰਕਾਸ਼' ਨਾ ਹੁੰਦਾ।

—o—

ਰੰਜੀਤ ਦੇ ਹੰਝੂ

ਧਰਤੀ ਨੇ ਪਾਸਾ ਪਲਟਿਆ,
ਦੁਨੀਆਂ ਤੇ ਡੌਂਡੀ ਹੋ ਗਈ।
ਜੇਹੜੀ ਸੀ ਰਾਣੀ ਕੌਮ ਦੀ,
ਗ਼ੈਰਾਂ ਦੀ ਲੌਂਡੀ ਹੋ ਗਈ।

ਕੋਇਲ ਸਦਾ ਸੀ ਕੂਕਦੀ,
ਗਾਣੇ ਜਿਥੇ ਮਲਹਾਰ ਦੇ।
ਬੁਲਬੁਲ ਸੀ ਨਗ਼ਮੇ ਛੇੜਦੀ,
ਜਿਸ ਬਾਗ਼ ਅੰਦਰ ਪਿਆਰ ਦੇ।

ਪੰਛੀ ਖ਼ੁਸ਼ੀ ਦੇ ਨਾਲ ਸੀ,
ਜਿਸ ਬਾਗ਼ ਅੰਦਰ ਚਹਿਕਦੇ।
ਗ਼ੁੰਚੇ ਸਦਾ ਸੀ ਦੋਸਤੋ,
ਜਿਸ ਬਾਗ਼ ਅੰਦਰ ਮਹਿਕਦੇ।

ਅਜ ਚਮਨ ਉਹ ਵੀਰਾਨ ਹੈ,
ਜੇਹੜਾ ਕਦੀ ਸ਼ਾਦਾਬ ਸੀ।
ਹੁਣ ਯਾਦ ਬਾਕੀ ਰਹਿ ਗਈ,
ਜੇਹੜਾ ਸੁਨਿਹਰੀ ਬਾਬ ਸੀ।

ਜਿਸ ਦੀ ਫ਼ਤਹ ਹੁੰਦੀ ਰਹੀ,
ਹਰ ਜ਼ੁਲਮ ਤੇ ਹਰ ਵੈਰ ਤੇ।
ਜਿਸ ਨੇ ਨਵਾਬਾਂ ਦੇ ਸਦਾ,
ਤੁੱਰੇ ਝੁਕਾਏ ਪੈਰ ਤੇ।

ਉਹ ਧਰਤ ਨੀਵੀਂ ਹੋ ਗਈ,
ਜਿਧਰ ਸੀ ਮੁਖੜਾ ਮੋੜਿਆ।
ਸੀ ਅਟਕ ਉਦੋਂ ਅਟਕਿਆ,
ਜਿਸ ਵਕਤ ਨਾਹਰਾ ਛੋੜਿਆ।

ਖ਼ਾਨਾਂ ਪਠਾਨਾਂ ਚੱਟਿਆ,
ਜਿਸ ਦੇ ਚਰਨ ਦੀ ਮੈਲ ਨੂੰ।
ਸਜਦੇ ਸਦਾ ਹੀ ਦੇ ਰਹੇ,
ਜਿਸ ਦੇ ਕਦੀ ਜਰਨੈਲ ਨੂੰ।

ਆਕਾਸ਼ ਉਤੇ ਚੜ੍ਹ ਗਿਆ,
ਜੇਹੜਾ ਦੀਵਾਨਾ ਕੌਮ ਦਾ।
ਅਜ ਆਸਮਾਂ ਨੇ ਲੁਟਿਆ,
ਜੇਹੜਾ ਖ਼ਜ਼ਾਨਾ ਕੌਮ ਦਾ।

ਅਜ ਕੌਮ ਨੂੰ ਦਿਸਦਾ ਨਹੀਂ,
ਜੋ ਸੀ ਦਿਲਾਸਾ ਕੌਮ ਦਾ।
ਅਜ ਕੌਮ ਕੋਲੋਂ ਲੁਟਿਆ,
ਜੋ ਸੀ ਅਸਾਸਾ ਕੌਮ ਦਾ।

ਰੰਜੀਤ ਅੱਖਾਂ ਮੀਟੀਆਂ,
ਤੇ ਕੌਮ ਉਹਦੀ ਬੈਹ ਗਈ।
ਅਜ ਕੌਮ ਦੀ ਵਸਦੀ ਹੋਈ,
ਬਸਤੀ ਉਜੜ ਕੇ ਰਹਿ ਗਈ।

ਸੁਣ ਲਓ ਜ਼ਰਾ ਕੰਨ ਖੋਲ੍ਹ ਕੇ,
ਆਵਾਜ਼ ਆਵੇ ਹੂਕਦੀ।
ਅਜ ਆਸਮਾਂ ਤੇ ਸ਼ੇਰ ਦੀ,
ਹੈ ਆਤਮਾ ਪਈ ਕੂਕਦੀ।

ਅਜ ਕੈਦ ਮੇਰਾ ਸ਼ਹਿਰ ਹੈ,
ਤੇ ਕੈਦ ਮੇਰਾ ਰਾਜ ਹੈ।
ਹੈ ਕੈਦ ਮੇਰੀ ਸਲਤਨਤ,
ਤੇ ਕੈਦ ਮੇਰਾ ਤਾਜ ਹੈ।

ਅਜ ਕੈਦ ਮੇਰਾ ਤਖ਼ਤ ਹੈ,
ਤੇ ਕੈਦ ਮੇਰੀ ਗੜ੍ਹੀ ਏ।
ਹੈ ਕੈਦ ਮੇਰੀ ਆਬਰੂ,
ਤੇ ਕੈਦ ਮੇਰੀ ਮੜ੍ਹੀ ਏ।

ਨਨਕਾਣਾ ਸਾਹਿਬ ਕੈਦ ਏ,
ਤੇ ਰਾਜਧਾਨੀ ਕੈਦ ਏ।
ਹੈ ਕੈਦ ਮੇਰੀ ਆਤਮਾ,
ਮੇਰੀ ਨਿਸ਼ਾਨੀ ਕੈਦ ਏ।

ਦੁਨੀਆਂ ਦੇ ਉਤੇ ਭੇਜ ਟੱਬਾ,
ਦੇਵਕੀ ਦੇ ਬਾਲ ਨੂੰ।
ਜਾਂ ਧਰਤ ਉਤੇ ਉਗਲ ਦੇ,
ਗੁਰ ਤੇਗ਼ ਦੇ ਤੂੰ ਲਾਲ ਨੂੰ।

ਕਵਿਤਾ ਹੈ ਜਿਹੜੀ 'ਓਮ' ਦੀ,
ਹੰਝੂ ਨੇ ਏਹ ਰੰਜੀਤ ਦੇ।
ਉਠੋ ਬਚਾ ਲੋ ਆਬਰੂ,
ਤੇ ਗੀਤ ਗਾ ਲੌ ਪ੍ਰੀਤ ਦੇ।

--o--

ਸੋਹਣੇ ਪ੍ਰੀਤਮ

ਮੇਰੇ ਰੰਗ ਰੰਗੀਲੇ ਪ੍ਰੀਤਮ,
ਮੇਰੇ ਮੋਹਣ ਪਿਆਰੇ ਪ੍ਰੀਤਮ।
ਕਲੀਆਂ ਕੋਲੋਂ ਕੋਮਲੇ ਪ੍ਰੀਤਮ,
ਤੇਰੇ ਤੋਂ ਬਲਿਹਾਰੇ ਪ੍ਰੀਤਮ।
ਸਾਰੇ ਜਗ ਦੇ ਵਾਲੀ ਪ੍ਰੀਤਮ,
ਸਾਰੇ ਜਗ ਤੋਂ ਨਿਆਰੇ ਪ੍ਰੀਤਮ।
ਦੁਨੀਆਂ ਦੇ ਰਖਵਾਲੇ ਪ੍ਰੀਤਮ,
ਜੱਗ ਦੇ ਪ੍ਰੇਮ ਹੁਲਾਰੇ ਪ੍ਰੀਤਮ।

ਬੂੰਦ ਤੇਰੇ ਦਰਸ਼ਨ ਦੀ ਪੀਣੀ,
ਬੈਠਾ ਆਨ ਕਿਨਾਰੇ ਪ੍ਰੀਤਮ।
ਝੋਲੀ ਕਰਕੇ ਭਿਖਿਆ ਖ਼ਾਤਰ,
ਡਿਗਾ ਤੇਰੇ ’ਦਵਾਰੇ ਪ੍ਰੀਤਮ।

ਤੇਰਾ ਚਾਨਣ ਜਿਥੇ ਹੁੰਦਾ,
ਉਥੋਂ ਨਸੇ ਦੂਰ ਹਨੇਰਾ।
ਤੇਰਾ ਦਰਸ਼ਨ ਜੇਹੜਾ ਪਾਵੇ,
ਉਹਦਾ ਹੁੰਦਾ ਨਿਤ ਸਵੇਰਾ।
ਜੰਗਲ, ਬਸਤੀ, ਨਗਰੀ ਅੰਦਰ,
ਦਾਤਾ ਹਰ ਥਾਂ ਕਰੇਂ ਬਸੇਰਾ।
ਪਵਨ, ਅਗਨ, ਜਲ ਅੰਦਰ ਤੂੰ ਏਂ,
ਪ੍ਰਬਤ ਉਤੇ ਤੇਰਾ ਡੇਰਾ।

ਇਕ ਵਾਰਾਂ ਫਿਰ ਮੋੜ ਮੁਹਾਰਾਂ,
ਦੇ ਦੇ ਦਰਸ ਤੂੰ ਪਾ ਕੇ ਫੇਰਾ।
ਮੇਰਾ ਮੇਰਾ ਮੈਂ ਹਾਂ ਕਹਿੰਦਾ,
ਮੈਂ ਤੇ ਮੇਰਾ ਸਭ ਕੁਝ ਤੇਰਾ।

ਲੜ ਤੇਰਾ ਮੈਂ ਪੱਕਾ ਫੜਿਆ,
ਤੇਰੇ ਨਾਲ ਯਰਾਨਾ ਪ੍ਰੀਤਮ।
ਮਸਤ ਤੇਰੇ ਮੈਂ ਖਿਆਲਾਂ ਅੰਦਰ,
ਹੋਇਆ ਹਾਂ ਮਸਤਾਨਾ ਪ੍ਰੀਤਮ।
ਕੂੰਜ ਪਿਆਸੀ ਵਾਂਗੂ ਤੜਪੇ,
ਤੇਰਾ ਅਜ ਦੀਵਾਨਾ ਪ੍ਰੀਤਮ।
ਤਰਲੇ ਦੀ ਇਕ ਤਰਜ਼ ਦੇ ਅੰਦਰ,
ਸੁਣ ਲੈ ਅਜ ਤਰਾਨਾ ਪ੍ਰੀਤਮ।

ਮੇਰੀ ਮੰਜ਼ਲ ਮੇਰਾ ਨੁਕਤਾ,
ਤੂੰ ਹੀ ਇਕ ਨਿਸ਼ਾਨਾ ਪ੍ਰੀਤਮ।
ਦੇ ਦੀਦਾਰ ਤੇ ਦੇ ਦੇ ਜਲਵਾ,
ਬਹੁਤਾ ਹੁਣ ਤਰਸਾ ਨਾ ਪ੍ਰੀਤਮ।

ਹਾਰ ਗਏ ਮੰਜ਼ਲ ਦੇ ਉਤੇ,
ਟੁਟੇ ਸਾਰੇ ਜ਼ੀਨੇ ਪ੍ਰੀਤਮ।
ਮਿਟੀ ਤੇਰੇ ਦਰ ਦੀ ਛਾਨੀ,
ਜ਼ੱਰੇ ਛਾਨੇ ਬੀਨੇ ਪ੍ਰੀਤਮ।
ਤਰਲੇ ਕਰ ਕਰ ਸਾਲ ਗੁਜ਼ਰ ਗਏ,
ਬੀਤੇ ਕਈ ਮਹੀਨੇ ਪ੍ਰੀਤਮ।
ਦਰਸ ਤੇਰੇ ਦੀ ਆਸ ਦੇ ਉਤੇ,
ਵਗੇ ਖ਼ੂਨ ਪਸੀਨੇ ਪ੍ਰੀਤਮ।
ਜਿਨੇ ਸਾਨੂੰ ਸਮਝ ਰਿਹਾ ਏਂ,
ਏਨੇ ਨਹੀਂ ਕਮੀਨੇ ਪ੍ਰੀਤਮ।
ਜੇ ਤੂੰ ਝਾਤੀ ਮਾਰ ਕੇ ਵੇਖੇਂ,
ਦਸੀਏ ਚੀਰ ਕੇ ਸੀਨੇ ਪ੍ਰੀਤਮ।

ਜੇ ਤੂੰ ਮਾਇਆ ਪਿਛੇ ਆਵੇਂ,
ਢੇਰ ਹਜ਼ਾਰਾਂ ਜੋੜ ਦਿਆਂਗੇ।
ਖ਼ੂਨ, ਪਸੀਨਾ, ਹੱਡੀਆਂ ਪਿੰਜਰ,
ਸਾਰਾ ਰਸ ਨਿਚੋੜ ਦਿਆਂਗੇ।

ਮਨ ਦੇ ਵੱਜੇ ਜੰਦਰੇ ਸਾਰੇ,
ਤੇਰੀ ਖ਼ਾਤਰ ਤੋੜ ਦਿਆਂਗੇ।
ਮਾਰ ਮਾਰ ਕੇ ਮਥੇ ਆਪਣੇ,
ਦਰ ਤੇਰੇ ਤੇ ਫੋੜ ਦਿਆਂਗੇ।

ਜੋ ਕੁਝ ਲਭਣਾ ਚਾਹਨੈਂ ਦਾਤਾ,
ਉਹੋ ਤੈਨੂੰ ਲੋੜ ਦਿਆਂਗੇ।
ਪੱਥਰ ਵਾਂਗੂ ਜਿਗਰਾ ਤੇਰਾ,
ਮੋਮ ਦੇ ਵਾਂਗੂ ਮੋੜ ਦਿਆਂਗੇ।

ਜੇਹੜੇ ਰੰਗ 'ਚ ਰਾਜ਼ੀ ਏਂ ਤੂੰ,
ਕਰ ਦੇ ਝਟ ਇਸ਼ਾਰਾ ਪ੍ਰੀਤਮ।
'ਓਮ' ਤੇਰੇ ਦਰ ਆਸ ਲਗਾਈ,
ਤੇਰਾ ਇਕ ਸਹਾਰਾ ਪ੍ਰੀਤਮ।

—o—

ਅੰਮ੍ਰਿਤ

ਮੇਰੇ ਬਾਜਾਂ ਵਾਲੇ ਅਰਸ਼ਾਂ ਤੋਂ,
ਅੰਮ੍ਰਿਤ ਦੇ ਮੋਤੀ ਨੇ ਲੋੜੇ।
ਅੰਮ੍ਰਿਤ ਨੇ ਅਮਰ ਬਣਾ ਦਿਤੇ,
ਦਸਮੇਸ਼ ਦੇ ਲਾਲਾਂ ਦੇ ਜੋੜੇ।
ਚਿੜੀਆਂ ਨੇ ਬੂੰਦ ਨੂੰ ਪੀ ਕੇ ਤੇ,
ਪਰ ਖ਼ੂਨੀ ਬਾਜ਼ਾਂ ਦੇ ਤੋੜੇ।
ਗਿਦੜਾਂ ਨੇ ਪੀਤਾ ਸ਼ੇਰ ਬਣੇ,
ਗਿਦੜਾਂ ਸ਼ੇਰਾਂ ਦੇ ਮੂੰਹ ਮੋੜੇ।

ਖੰਡੇ ਦਾ ਅੰਮ੍ਰਿਤ ਪੀਵੇ ਜੋ,
ਦਸਮੇਸ਼ ਦੀ ਓਹ ਸੰਤਾਨ ਬਣੇ।
ਬੁਜ਼ਦਿਲ ਵੀ ਅੰਮ੍ਰਿਤ ਪੀ ਪੀ ਕੇ,
ਬੁਜ਼ਦਿਲ ਤੋਂ ਝਟ ਬਲਵਾਨ ਬਣੇ।

ਦੁਖੀਆਂ ਦੇ ਲਈ ਉਹ ਕਿਰਪਾ ਤੇ
ਗ਼ੈਰਤ ਦੀ ਖ਼ਾਤਰ ਆਨ ਬਣੇ।
'ਕਿਰਪਾ' ਤੇ 'ਆਨ' ਮਿਲਾ ਕੇ ਤੇ,
ਉਹ ਜੰਗ ਅੰਦਰ ਕਿਰਪਾਨ ਬਣੇ।

ਲੋਹੇ ਦੇ ਬਾਟੇ ਵਿਚ ਪਾ ਕੇ,
ਸੀ ਸ਼ਾਨ ਵਧਾਈ ਪਾਣੀ ਦੀ।
ਕਿਰਪਾਨ ਘੁਮਾ ਕੇ ਪਾਣੀ ਵਿਚ,
ਸੀ ਪਾਣ ਚੜ੍ਹਾਈ ਪਾਣੀ ਦੀ।
ਕਿਰਪਾਨ ਹੈ ਓਹਦੀ ਤਾਨ ਬਣੀ,
ਭਾਰਤ ਦੀ ਸ਼ਾਨ ਨਿਤਾਣੀ ਦੀ।
ਅੰਮ੍ਰਿਤ ਨੇ ਰਖਿਆ ਕੀਤੀ ਏ,
ਭਾਰਤ ਦੀ ਜਾਨ ਨਿਮਾਣੀ ਦੀ।

ਵੇਖਣ ਨੂੰ ਭਾਵੇਂ ਪਾਣੀ ਵਿਚ,
ਖੋਰੇ ਹੋਏ ਕੁਝ ਪਤਾਸੇ ਨੇ।
ਦਸਮੇਸ਼ ਪਿਤਾ ਦੀ ਰਹਿਮਤ ਦੇ,
ਇਹ ਬਖ਼ਸ਼ੇ ਹੋਏ ਮਾਸੇ ਨੇ।
ਦੁਖਾਂ ਨੂੰ ਹੱਸ ਕੇ ਸਹਿਣ ਲਈ,
ਬਖ਼ਸ਼ੇ ਦਸਮੇਸ਼ ਦਿਲਾਸੇ ਨੇ।
ਲਖਾਂ ਅਭਾਸ਼ੀ ਹੋ ਬੈਠੇ,
ਅੰਮ੍ਰਿਤ ਦੇ ਅਜ ਪਿਆਸੇ ਨੇ।

ਸਿੱਖੀ ਵਿਚ ਫ਼ਰਕ ਨਾ ਦਿਸਦਾ ਏ,
ਨਾ ਰੱਤੀ ਦਾ ਨਾ ਰਾਈ ਦਾ।
ਨਾ ਸੇਰ ਤੇ ਨਾ ਹੀ ਤੋਲੇ ਦਾ,
ਨਾ ਦਮੜੀ ਦਾ ਨਾ ਪਾਈ ਦਾ।
ਏਥੇ ਕੋਈ ਜੱਟ ਤੇ ਖੱਤਰੀ ਦਾ,
ਨਾ ਫਰਕ ਹੈ ਛੀਂਬੇ ਨਾਈ ਦਾ।
ਅੰਮਰਤ ਨੇ ਭੇਦ ਮਿਟਾ ਦਿਤਾ,
ਬਰਾਹਮਣ ਦਾ ਅਤੇ ਕਸਾਈ ਦਾ।

ਦਸਮੇਸ਼ ਦਾ ਅੰਮ੍ਰਿਤ ਪੀਵੇ ਜੋ,
ਉਹ ਸੀਸ ਤਲੀ ਤੇ ਧਰ ਲੈਂਦੈ।
ਫਿਰ ਮੌਤ ਦੇ ਕੋਲੋਂ ਡਰਦਾ ਨਹੀਂ,
ਤੇ ਲਾੜੀ ਮੌਤ ਨੂੰ ਵਰ ਲੈਂਦੈ।
ਵੈਰੀ ਦੇ ਤੀਰ ਤੇ ਭਾਲੇ ਵੀ,
ਸੀਨੇ ਦੇ ਉਤੇ ਜਰ ਲੈਂਦੈ।
ਮਰ ਮਰ ਕੇ ਹੁੰਦਾ ਅਮਰ ਪਿਆ,
ਵੈਰੀ ਨੂੰ ਤਾਬੇ ਕਰ ਲੈਂਦੈ।

ਦਸਮੇਸ਼ ਦੇ ਜਿਹੜੇ ਸ਼ੇਰ ਬਣੇ,
ਉਹ ਸ਼ੇਰ ਕਦੀ ਨਾ ਝੁੱਕੇ ਨੇ।
ਉਹਨਾਂ ਹੀ ਚਲਦੇ ਇੰਜਣ ਵੀ,
ਸੀਨੇ ਨੂੰ ਡਾਹ ਕੇ ਡੱਕੇ ਨੇ।

ਪੰਜਾਂ ਦੇ ਕੋਲੋਂ ਮਿਲ ਕੇ ਤੇ,
ਪੰਜ ਘੁਟ ਜਿਨ੍ਹਾਂ ਨੇ ਛੱਕੇ ਨੇ।
ਹਰ ਥਾਂ ਤੇ ਰਾਖੇ ਬਣ ਜਾਂਦੇ,
ਉਹਨਾਂ ਦੇ ਪੰਜੇ ਕੱਕੇ ਨੇ।

ਜੋ ਪੀਵੇ ਮੂਸਾ ਬਣ ਜਾਵੇ,
ਦਸਮੇਸ਼ ਉਹਦੇ ਲਈ ਤੂਰ ਬਣੇ।
ਜੋ ਇਕੋ ਬੂੰਦ ਹੈ ਪੀ ਲੈਂਦਾ,
ਉਹ ਸ਼ੇਰ ਬਹਾਦਰ ਸੂਰ ਬਣੇ।
ਕੇਸਾਂ ਤੇ ਪੈ ਕੇ ਬੁੱਧੀ ਤੇ,
ਅੱਖਾਂ ਤੇ ਪੈ ਕੇ ਨੂਰ ਬਣੇ।
ਪੀ ਪੀ ਕੇ ਨਾਰੀ ਨਰ ਬਣਦੀ,
ਨਾਰੀ ਦਾ ਉਹ ਸੰਧੂਰ ਬਣੇ।

ਜਿਸ ਰੁੜ੍ਹਦਾ ਧਰਮ ਬਚਾਇਆ ਸੀ,
ਉਹ ਅੰਮ੍ਰਿਤ ਸਾਫ਼ ਗਵਾਹੀ ਏ।
ਅੰਮ੍ਰਿਤ ਦਾ ਦਾਤਾ ਕੰਡਿਆਂ ਦੀ,
ਸੇਜਾਂ ਤੇ ਸੁਤਾ ਮਾਹੀ ਏ।
ਫ਼ੌਜਾਂ ਦਾ ਹੈ ਜਰਨੈਲ ਪਿਤਾ,
ਸੰਗਤਾਂ ਦੇ ਲਈ ਸਿਪਾਹੀ ਏ।
ਅੰਮ੍ਰਿਤ ਦਾ ਸੋਮਾ ਕਲਗ਼ੀਧਰ,
ਉਹ 'ਓਮ' ਦਾ ਸੋਹਣਾ ਮਾਹੀ ਏ।

—0—

ਕੀ ਤੂੰ ਦਿਤਾ

ਓ ਰੱਬਾ, ਤੈਨੂੰ ਹਰ ਕੋਈ ਦਸੇ,
ਸਾਡੇ ਕੋਲੋਂ ਜੋ ਤੂੰ ਲਿਤਾ।
ਇਹ ਨਾ ਤੈਨੂੰ ਕੋਈ ਦਸੇ,
ਸਾਡੀ ਖ਼ਾਤਰ ਕੀ ਤੂੰ ਦਿਤਾ।
ਵੰਨ ਸਵੰਨੇ ਖਾਣੇ ਦਿਤੇ,
ਬਸਤਰ ਸਾਨੂੰ ਰਾਂਗਲੇ ਦਿਤੇ,
ਸੋਹਣੇ ਸੋਹਣੇ ਕੋਠੇ ਦਿਤੇ,
ਸੋਹਣੇ ਸੋਹਣੇ ਬੰਗਲੇ ਦਿਤੇ।

ਫੁਲਾਂ ਨਾਲ ਜੋ ਮਹਿਕ ਰਹੇ ਨੇ,
ਕਈ ਹਜ਼ਾਰ ਬਗ਼ੀਚੇ ਦਿਤੇ,
ਸੰਗ ਮਰਮਰ ਦੇ ਫ਼ਰਸ਼ਾਂ ਉਤੇ,
ਸੋਹਣੇ ਸਾਫ਼ ਗ਼ਲੀਚੇ ਦਿਤੇ।
ਗਰਮੀ ਦੇ ਮੌਸਮ ਦੇ ਅੰਦਰ,
ਠੰਢੇ ਕਈ ਫੱਵਾਰੇ ਦਿਤੇ।
ਪੈਹਲਗਾਮ ਜਿਹੇ ਜੰਨਤ ਵਰਗੇ,
ਸਾਨੂੰ ਕਈ ਨਜ਼ਾਰੇ ਦਿਤੇ।

ਧਰਮ ਨਿਸ਼ਾਨੀ ਜੰਜੂ ਦਿਤਾ,
ਸੋਹਣੀ ਲਾਂਗ ਲੰਗੋਟੀ ਦਿਤੀ।
ਹਿੰਦੂ ਧਰਮ ਗਊ ਦੀ ਸੇਵਾ,
ਸਿਰ ਤੇ ਉਤੇ ਚੋਟੀ ਦਿਤੀ।
ਮਥਰਾ ਤੇ ਬਿੰਦਰਾਬਨ ਗੋਕਲ,
ਕਾਸ਼ੀ ਜਹੇ ਅਸਥਾਨ ਤੂੰ ਦਿਤੇ,
ਪਾਕ ਪਵਿਤਰ ਜਮਨਾ ਨਾਲੇ,
ਗੰਗਾ ਦੇ ਅਸ਼ਨਾਨ ਤੂੰ ਦਿਤੇ।

'ਜੈਨ' ਮਤ ਵੀ ਸਾਨੂੰ ਦਿਤਾ,
ਸਾਨੂੰ 'ਬੁਧ' ਦੇ ਹਾਮੀ ਦਿਤੇ,
ਜੇਕਰ ਸਾਨੂੰ ਕਿਸ਼ਤੀ ਦਿਤੀ,
ਨਾਲ ਹੀ 'ਰਾਧਾ ਸੁਆਮੀ' ਦਿਤੇ।

ਮਹਾਂ ਭਾਰਤ ਦੀ ਪੁਸਤਕ ਦਿਤੀ,
ਗੀਤਾ ਦਾ ਪਰਚਾਰ ਵੀ ਦਿਤਾ,
ਰਾਮਾਇਣ ਜਹੀ ਵਸਤੂ ਦਿਤੀ,
ਵੇਦਾਂ ਦਾ ਭੰਡਾਰ ਵੀ ਦਿਤਾ।

ਸਾਨੂੰ ਸਭ ਕੁਝ ਦੇਣੇ ਖ਼ਾਤਰ,
ਤਨ ਆਪਣੇ ਨੂੰ ਛਾਲੇ ਦਿਤੇ,
ਆਪਣੇ ਕੋਮਲ ਜੁਸੇ ਨੂੰ ਤੂੰ,
ਦੇਗਾਂ ਵਿਚ ਉਬਾਲੇ ਦਿਤੇ।
ਗਰਮ ਗਰਮ ਰੇਤਾਂ ਦੇ ਕੜਛੇ,
ਆਪਣੇ ਸਿਰ ਤੇ ਆਪ ਪਵਾਏ,
ਧਰਮ ਤੇ ਦੇਸ਼ ਬਚਾਵਣ ਖ਼ਾਤਰ,
ਤੱਤੀ ਤਵੀ ਤੇ ਆਸਣ ਲਾਏ।

ਸਾਨੂੰ ਚਾਲੀ ਮੁਕਤੇ ਦਿਤੇ,
ਨਾਲੇ ਪੰਜ ਪਿਆਰੇ ਦਿਤੇ,
ਸਤਿਗੁਰ ਤੇਗ਼ ਬਹਾਦਰ ਦਿਤਾ,
ਨਾਲੇ ਚਾਰ ਦੁਲਾਰੇ ਦਿਤੇ।
ਸਾਨੂੰ ਤੂੰ ਕਿਰਪਾਨ ਸੀ ਦਿਤੀ,
ਬਾਜ਼ ਤੇ ਨੀਲਾ ਘੋੜਾ ਦਿਤਾ,
ਕੰਧਾਂ ਅੰਦਰ ਦੋ ਬਚਿਆਂ ਦਾ,
ਸੁੰਦਰ ਸੋਹਣਾ ਜੋੜਾ ਦਿਤਾ।

ਆਪਣਾ ਸਭ ਕੁਝ ਵਾਰ ਕੇ ਦਾਤਾ,
ਸਾਨੂੰ ਧਰਮ ਨਿਸ਼ਾਨੀ ਦਿਤਾ,
ਰਣ ਭੂਮੀ ਵਿਚ ਤੜਫਣ ਬੱਚੇ,
ਉਹਨਾਂ ਨੂੰ ਨਾ ਪਾਣੀ ਦਿਤਾ।
ਹਰਿਮੰਦਰ ਦਾ ਤੀਰਥ ਦਿਤਾ,
ਕਲਗ਼ੀਧਰ ਦਾ ਪੰਥ ਵੀ ਦਿਤਾ।
ਦਸਾਂ ਗੁਰਾਂ ਦੀ ਦੇਹੀ ਸੋਹਣੀ,
ਸਾਨੂੰ ਗੁਰੂ ਗਰੰਥ ਵੀ ਦਿਤਾ।

ਜਦ ਤੈਨੂੰ ਫ਼ਰਿਯਾਦ ਸੁਣਾਈ,
ਜੋ ਮੰਗਿਆ ਉਹ ਫਿਰ ਤੂੰ ਦਿਤਾ,
ਚੌਕ - ਚਾਂਦਨੀ ਦਿੱਲੀ ਅੰਦਰ,
ਸਾਡੀ ਖ਼ਾਤਰ ਸਿਰ ਤੂੰ ਦਿਤਾ।
ਸੀਸ ਗੰਜ ਦਾ ਪਾਕ ਪਵਿਤਰ,
ਸਾਨੂੰ ਤੂੰ ਅਸਥਾਨ ਚਾ ਦਿਤਾ।
ਜਿਸ ਨੇ ਜਾ ਕੇ ਸੀਸ ਨਿਵਾਇਆ,
ਉਹਨੂੰ ਮੁਕਤੀ ਦਾਨ ਚਾ ਦਿਤਾ।

ਨਨਕਾਣੇ ਦਾ ਦਾਨ ਸੀ ਦਿਤਾ,
ਇਕ ਵਾਰੀ ਫਿਰ ਦਾਨ ਤੂੰ ਦੇ ਦੇ।
'ਓਮ' ਗੁਰੂ ਦਸਮੇਸ਼ ਪਿਤਾ ਦੀ,
ਮੁੜ ਕੇ ਜਾਂ ਕਿਰਪਾਨ ਤੂੰ ਦੇ ਦੇ।

ਆ ਠੰਡ ਕਲੇਜੇ ਪਾ ਮਾਹੀ

ਤੇਰਾ ਬਾਗ਼ ਉਜੜਦਾ ਜਾਂਦਾ ਏ,
ਤੂੰ ਬਾਗ਼ ਨੂੰ ਨਾ ਕੁਮਲਾ ਮਾਹੀ।
ਅਜ ਸੀਨੇ ਭਾਂਬੜ ਭੜਕ ਰਹੇ,
ਪਾਣੀ ਦਾ ਛੱਟਾ ਲਾ ਮਾਹੀ।
ਨੈਣਾਂ ਚੋਂ ਨੀਰ ਉਛਲਦਾ ਏ,
ਨੈਣਾਂ ਦਾ ਨੀਰ ਸੁਕਾ ਮਾਹੀ।
ਅਜ ਨੈਣ ਪਿਆਸੇ ਤੜਫ਼ ਰਹੇ,
ਨੈਣਾਂ ਦੀ ਪਿਆਸ ਬੁਝਾ ਮਾਹੀ।

ਇਹ ਦੁਖੀ ਦਿਲਾਂ ਦਾ ਤਰਲਾ ਏ,
ਨਾ ਦੁਖੀਏ ਹੋਰ ਦੁਖਾ ਮਾਹੀ।
ਇਕ ਵਾਰ ਤੂੰ ਦਰਸ ਦਿਖਾ ਕੇ ਤੇ,
ਆ ਠੰਡ ਕਲੇਜੇ ਪਾ ਮਾਹੀ।

ਇਸ ਤੂਫ਼ਾਨਾਂ ਦੀ ਨਗਰੀ ਵਿਚ,
ਜ਼ੁਲਮਾਂ ਦੇ ਪਰਬਤ ਝਟਕ ਰਹੇ।
ਸੰਤਾਨ ਤੇਰੀ ਦੇ ਹਿਰਦੇ ਵਿਚ,
ਕਈ ਲਖਾਂ ਕੰਡੇ ਖਟਕ ਰਹੇ।
ਕਈ ਤੀਰਥ ਜਾ ਜਾ ਥੱਕੇ ਨੇ,
ਕਈ ਪੁਠੇ ਹੋ ਹੋ ਲਟਕ ਰਹੇ।
ਤੇਰੀ ਮੰਜ਼ਲ ਦੇ ਅਜ ਰਸਤੇ ਵਿਚ,
ਕਈ ਰੋੜੇ ਬਣ ਕੇ ਅਟਕ ਰਹੇ।
ਜੋ ਦਰ ਤੇਰੇ ਤੇ ਡਿਗੇ ਨੇ,
ਉਹਨਾਂ ਨੂੰ ਨਾ ਠੁਕਰਾ ਮਾਹੀ।
ਇਹ ਨੈਣ ਪਿਆਸੇ ਦਰਸ਼ਨ ਦੇ,
ਆ ਠੰਡ ਕਲੇਜੇ ਪਾ ਮਾਹੀ।

ਕੋਈ ਪਵਨ ਨਿਰਾਲੀ ਚੱਲੀ ਏ,
ਸਭ ਪੱਤੇ ਝੜ ਗਏ ਰੁੱਖਾਂ ਦੇ।
ਸਭ ਸੁਪਨੇ ਵਾਂਗੂ ਬੀਤ ਗਏ,
ਵੇਲੇ ਸੀ ਜਿਹੜੇ ਸੁੱਖਾਂ ਦੇ।
ਸਾਥੀ ਨਹੀਂ ਬਣਦਾ ਦੁਖੀਆਂ ਦਾ,
ਰੋਣੇ ਨਹੀਂ ਸੁਣਦਾ ਦੁੱਖਾਂ ਦੇ।
ਤੇਰੇ ਚਰਨਾਂ ਉਤੇ ਡਿਗੇ ਨੇ,
ਅਜ ਮੱਥੇ ਤੇਰੇ ਮਨੁੱਖਾਂ ਦੇ।

ਅਗੇ ਹੀ ਜਿਹੜੇ ਤੜਪ ਰਹੇ,
ਉਹਨਾਂ ਨੂੰ ਨਾ ਤੜਪਾ ਮਾਹੀ।
ਦੁਨੀਆਂ ਪਈ ਸੜਦੀ ਪਾਪਾਂ ਵਿਚ,
ਆ ਠੰਡ ਕਲੇਜੇ ਪਾ ਮਾਹੀ।

ਤੂੰ ਨਾਲ ਖ਼ੁਸ਼ੀ ਦੇ ਹੱਸ ਰਿਹੈਂ,
ਦੁਖੀਆਂ ਨੂੰ ਹੋਰ ਦੁਖਾ ਕੇ ਤੇ।
ਇਉਂ ਜਾਪੇ ਈਦ ਮਨਾਨਾਂ ਏਂ,
ਸਤਿਆਂ ਨੂੰ ਹੋਰ ਸਤਾ ਕੇ ਤੇ।
ਕੀ ਬੀਨ ਵਜਾਣੀ ਚੰਗੀ ਏ,
ਲੋਕਾਂ ਨੂੰ ਮਾਤਮ ਪਾ ਕੇ ਤੇ।
ਕਿਉਂ ਤੇਰੇ ਘਰ ਦੀਵਾਲੀ ਏ,
ਭਗਤਾਂ ਦੇ ਦੀਪ ਬੁਝਾ ਕੇ ਤੇ।
ਜੋ ਦੀਵੇ ਆਪ ਬੁਝਾਏ ਨੀ,
ਉਹ ਦੀਵੇ ਆਪ ਜਗਾ ਮਾਹੀ।
ਫਿਰ ਨੂਰੀ ਚਾਨਣ ਕਰ ਕੇ ਤੇ,
ਆ ਠੰਡ ਕਲੇਜੇ ਪਾ ਮਾਹੀ।

ਤੂੰ ਭਾਵੇਂ ਬਣ ਕੇ ਚੰਨ ਆ ਜਾ,
ਭਾਵੇਂ ਅਸਮਾਨ ਦਾ ਤਾਰਾ ਬਣ।
ਤੂੰ ਭਾਵੇਂ ਬਣ ਕੇ ਸੂਰਜ ਆ,
ਦੁਨੀਆਂ ਦਾ ਰਾਮ ਸਹਾਰਾ ਬਣ।

ਭਾਵੇਂ ਗੁਰੂ ਨਾਨਕ ਬਣ ਕੇ ਆ,
ਭਾਵੇਂ ਤੂੰ ਨੰਦ ਦੁਲਾਰਾ ਬਣ।
ਭਾਵੇਂ ਗੁਰੂ ਅਰਜਨ ਬਣ ਕੇ ਆ,
ਭਾਵੇਂ ਦਸਮੇਸ਼ ਪਿਆਰਾ ਬਣ।

ਹੈ 'ਓਮ' ਦੀ ਤੇਰੇ ਚਰਨਾਂ ਵਿਚ,
ਏਹੋ ਈ ਅੱਜ ਦੁਆ ਮਾਹੀ।
ਇਸ ਸੜਦੀ ਭੁਜਦੀ ਦੁਨੀਆਂ ਦੇ,
ਆ ਠੰਡ ਕਲੇਜੇ ਪਾ ਮਾਹੀ।

—0—

ਰੱਬ ਨੂੰ !

ਤੈਨੂੰ ਯਾਦ ਕੀਤਾ ਤਰੇਤੇ ਦੇ ਅੰਦਰ,
ਤੇ ਰੋ ਰੋ ਕੇ ਤੈਨੂੰ ਸੀ ਤਰਲਾ ਸੁਣਾਇਆ ।
ਕਈ ਪੁੱਠੇ ਲਟਕੇ ਸੀ ਖੂਹਾਂ ਦੇ ਅੰਦਰ,
ਕਿਸੇ ਨੇ ਸੀ ਗ਼ਾਰਾਂ ਦੇ ਅੰਦਰ ਧਿਆਇਆ ।

ਬੜੇ ਹਥ ਜੋੜੇ ਬੜੀ ਮਿਨਤ ਕੀਤੀ,
ਤੇ ਰਿਸ਼ੀਆਂ ਤੇ ਮੁਨੀਆਂ ਸੀ ਸਿਰ ਨੂੰ ਝੁਕਾਇਆ ।
ਕਿਸੇ ਆਰਤੀ ਤੇਰੇ ਦਰ ਉਤੇ ਕੀਤੀ,
ਕਿਸੇ ਹੰਝੂ ਕੇਰੇ ਕਿਸੇ ਗੀਤ ਗਾਇਆ ।

ਬੜਾ ਮਾਨ ਕੀਤਾ ਬੜੀ ਲਾਜ ਰਖੀ,
ਤੂੰ ਬਣ ਕੇ ਸ੍ਰੀ ਰਾਮ ਦੀਦਾਰ ਦਿਤਾ।
ਤੇ ਆਪਣੇ ਭਗਤ ਦੀ ਸਦਾ ਪੈਜ ਰੱਖੀ,
ਤੂੰ ਤਾਜਾਂ ਤੇ ਤਖ਼ਤਾਂ ਨੂੰ ਸੀ ਵਾਰ ਦਿਤਾ।
ਤੂੰ ਰਾਵਨ ਦੀ ਲੰਕਾ ਨੂੰ ਲੰਬੂ ਲਗਾਇਆ,
ਤੇ ਰਾਵਨ ਜਹੇ ਪਾਪੀ ਨੂੰ ਸੀ ਮਾਰ ਦਿਤਾ।
ਸੁਖੀ ਹੋਇਆ ਉਹੋ, ਜੋ ਚਰਨਾਂ 'ਤੇ ਡਿਗਾ।
ਸੀ ਪੱਥਰ ਅਹਿਲਿਆ ਉਹਨੂੰ ਤਾਰ ਦਿਤਾ।

ਤੇਰੀ ਲੋੜ ਪੈ ਗਈ, ਦੁਆਪਰ ਦੇ ਅੰਦਰ,
ਤੇ ਰੋ ਰੋ ਕੇ ਦੁਨੀਆਂ ਸੀ ਦਿਤੀ ਦੁਹਾਈ।
ਸੀ ਪਾਪਾਂ ਦੇ ਤੂਫ਼ਾਨ ਉੱਠੇ ਜਹਾਂ ਤੇ,
ਸੀ ਪਾਪੀ ਨੂੰ ਪਾਪਾਂ 'ਚ ਭੁਲੀ ਖ਼ੁਦਾਈ।
ਤੇ ਬੰਦੇ ਨੂੰ ਬੰਦਾ ਜਦੋਂ ਖਾਣ ਲੱਗਾ,
ਜਦੋਂ ਜ਼ੁਲਮ ਦੀ ਹਦ ਜ਼ਾਲਮ ਮੁਕਾਈ।
ਜਾਂ ਧਰਤੀ ਦੇ ਹੰਝੂ ਸੀ ਡੁਲ੍ਹ ਡੁਲ੍ਹ ਕੇ ਪੈਂਦੇ,
ਸੀ ਦੁਸ਼ਟਾਂ ਨੇ ਪਾਪਾਂ ਦੀ ਅੰਨ੍ਹੀ ਮਚਾਈ।

ਤੂੰ ਕੀਤੀ ਮੇਹਰ ਤੇ ਕ੍ਰਿਸ਼ਨ ਬਣ ਕੇ ਆਇਉਂ,
ਸੀ ਜੇਲ੍ਹਾਂ ਦੇ ਅੰਦਰ ਤੇਰਾ ਨੂਰ ਹੋਇਆ।
ਤੇ ਮਾਤਾ ਪਿਤਾ ਦੀ ਸੀ ਜ਼ੰਜੀਰ ਕੱਟੀ,
ਹਨੇਰਾ ਤੇਰੇ ਨਾਲ ਸੀ ਦੂਰ ਹੋਇਆ।

ਤੂੰ ਹੀ ਕੰਸ ਨੂੰ ਸੀ ਜਹੱਨਮ ਪੁਚਾਇਆ,
ਸੀ ਪਾਪਾਂ ਦੇ ਅੰਦਰ ਜੋ ਮਗ਼ਰੂਰ ਹੋਇਆ।
ਤੇ ਪਾਪਾਂ ਦੇ ਬੇੜੇ ਨੂੰ ਡੋਬਨ ਦੀ ਖ਼ਾਤਰ
ਮਚਾਵਨ ਲਈ ਯੁਧ ਮਜਬੂਰ ਹੋਇਆ।

ਤੇਰੇ ਨਾਮ ਅੰਦਰ ਹੀ ਰੰਗੀ ਗਈ ਦੁਨੀਆਂ,
ਤੇ ਦੀਵਾਨੀ ਹੋਈ ਤੇਰੀ ਮੀਰਾਂ ਬਾਈ।
ਤੂੰ ਰਹਿਮਤ ਦੀ ਬਰਖਾ ਹਮੇਸ਼ਾ ਹੈ ਕੀਤੀ,
ਪ੍ਰਭੂ ਤਾਰ ਦਿਤੇ ਤੂੰ ਨੰਦੇ ਜਹੇ ਨਾਈ।
ਜੋ ਧੰਨੇ ਧਿਆਇਆ ਤੇ ਤੈਨੂੰ ਹੀ ਪਾਇਆ,
ਤੇ ਕੁਬਜਾਂ ਨੇ ਤੈਥੋਂ ਹੀ ਮੁਕਤੀ ਸੀ ਪਾਈ।
ਤੇਰੇ ਦਰ ਦੇ ਉਤੇ ਨੇ ਭੰਡਾਰ ਖੁਲ੍ਹੇ,
ਤੇ ਹੋਇਆ ਅਮਰ ਹੈ ਸੀ ਸਦਨਾ ਕਸਾਈ।

ਤੇਰੀ ਲੋੜ ਪੈ ਗਈ ਜਾਂ ਕਲਜੁਗ ਦੇ ਅੰਦਰ,
ਕਈ ਯਤਨ ਕੀਤੇ ਬੁਲਾਵਨ ਦੀ ਖ਼ਾਤਰ।
ਕਈ ਟੱਲ ਖੜਕੇ ਕਈ ਸੰਖ ਕੂਕੇ,
ਤੈਨੂੰ ਨੀਂਦ ਵਿਚੋਂ ਜਗਾਵਨ ਦੀ ਖ਼ਾਤਰ।
ਕਈ ਰਾਤਾਂ ਜਗਰਾਤੇ ਕੱਟੇ ਸੀ ਦੁਨੀਆਂ,
ਤੈਨੂੰ ਬਿਸਤਰੇ ਚੋਂ ਉਠਾਵਨ ਦੀ ਖ਼ਾਤਰ।
ਤੇ ਕਿੰਨੇ ਹੀ ਤੋਹਫ਼ੇ ਤੇ ਭੇਟਾਂ ਚੜ੍ਹਾਈਆਂ,
ਸੀ ਭਾਰਤ ਦੀ ਗ਼ੈਰਤ ਬਚਾਵਨ ਦੀ ਖ਼ਾਤਰ।

ਤੇਰੇ ਦਰਸ ਦੇ ਵਾਸਤੇ ਮੇਰੇ ਦਾਤਾ,
ਸੀ ਲੱਖਾਂ ਨੇ ਲੱਖਾਂ ਹੀ ਮਾਲਾ ਘੁਮਾਈਆਂ।
ਤੇ ਕਿੰਨੇ ਕਰੋੜਾਂ ਤੇਰੇ ਜਾਪ ਕੀਤੇ,
ਸੀ ਰੋ ਰੋ ਕੇ ਦੁਨੀਆਂ ਨੇ ਅੱਖਾਂ ਗਵਾਈਆਂ।
ਕਿੰਨੇ ਹੀ ਮੱਥੇ ਮੁਹਾਠਾਂ ਤੇ ਰਗੜੇ,
ਤੇ ਕਢ ਕਢ ਕੇ ਲੀਕਾਂ ਸੀ ਪਾਈਆਂ ਦੁਹਾਈਆਂ।
ਸੀ ਵਰਲਾਪ ਕੀਤੇ ਤੇਰੇ ਦਰ ਦੇ ਉਤੇ,
ਤੇ ਰੋ ਰੋ ਕੇ ਤੈਨੂੰ ਸੀ ਅਰਜ਼ਾਂ ਸੁਨਾਈਆਂ।

ਤਾਂ ਕੱਤਕ ਦੀ ਪੁੰਨਿਆਂ ਨੂੰ ਤੂੰ ਚੰਨ ਆਇਉਂ,
ਤੇ ਕਾਲੂ ਦੇ ਘਰ ਤੇਰਾ ਅਵਤਾਰ ਹੋਇਆ।
ਸ੍ਰੀ ਨਨਕਾਣੇ ਅੰਦਰ ਤੇਰੀ ਜੋਤ ਜੱਗੀ,
ਤੇਰੇ ਪ੍ਰੇਮੀਆਂ ਨੂੰ ਸੀ ਦੀਦਾਰ ਹੋਇਆ।
ਕਿਸੇ ਨੇ ਕਿਹਾ ਮੌਲਾ ਆਇਆ ਏ ਜਗ ਤੇ,
ਕਿਸੇ ਆਖਿਆ ਪੈਦਾ ਨਰੰਕਾਰ ਹੋਇਆ।
ਕੋਈ ਆਖਦਾ ਸੀ ਖ਼ੁਦਾ ਆ ਗਿਆ ਏ,
ਕਹੇ ਕੋਈ ਪੈਦਾ ਹੈ ਕਰਤਾਰ ਹੋਇਆ।

ਤੂੰ ਪੜ੍ਹਨੇ ਸੈਂ ਬੈਠਾ ਤੇ ਪਾਂਧੇ ਦੇ ਤਾਈਂ,
ਸੀ ਅਸਲੀ ਹਕੀਕਤ ਦੀ ਪੱਟੀ ਪੜ੍ਹਾਈ।
ਲੁਟਾ ਦਿਤਾ ਸਾਧਾਂ ਫ਼ਕੀਰਾਂ ਨੂੰ ਸੌਦਾ,
ਤੇ ਹੱਟੀ ਦੇ ਵਿਚੋਂ ਸੀ ਖੱਟੀ ਵਿਖਾਈ।

ਸਿਖਰ ਧੁਪ ਅੰਦਰ ਵਣਾਂ ਹੇਠ ਸੁਤੇਂ,
ਤੇ ਸੱਪਾਂ ਦੇ ਕੋਲੋਂ ਸੀ ਛਾਇਆ ਕਰਾਈ।
ਜਦੋਂ ਜ਼ਹਿਰ ਨੂੰ ਕੀਤਾ ਅੰਮ੍ਰਿਤ ਤੂੰ ਦਾਤਾ,
ਤਾਂ ਰੇਠੇ ਨੇ ਤੇਰੀ ਸੀ ਮਹਿਮਾਂ ਸੁਣਾਈ।

ਸੀ ਠੱਗਾਂ ਦੇ ਤਾਈਂ ਬਣਾਇਆ ਤੂੰ ਸਜਨ,
ਤੇ ਕਿੰਨੇ ਹੀ ਪਾਪੀ ਉਚੱਕੇ ਤੂੰ ਤਾਰੇ।
ਸੀ ਕੌਡੀ ਦੇ ਕੌਡੇ ਤੂੰ ਹੀਰੇ ਬਣਾਏ,
ਤੇ ਲੱਖਾਂ ਹੀ ਬਾਬਾ ਤੂੰ ਰਾਖਸ਼ ਸੁਧਾਰੇ।
ਤੇ ਦੁਨੀਆਂ ਦੀ ਜਿਹੜੀ ਮੈਂ ਵਸਤੂ ਹਾਂ ਵੇਂਹਦਾ,
ਨਜ਼ਰ ਆਂਵਦੇ ਤੇ ਤੇਰੇ ਹੀ ਨਜ਼ਾਰੇ,
ਜਦੋਂ ਆਸਰਾ ਸਾਨੂੰ ਲਭੇ ਨਾ ਕੋਈ।
ਤਾਂ ਮੱਥੇ ਰਗੜਦੇ ਹਾਂ ਤੇਰੇ ਦੁਆਰੇ।

ਹਜ਼ਾਰਾਂ ਹੀ ਸੀਤਾ ਚੁਰਾਈਆਂ ਗਈਆਂ ਨੇ,
ਤੂੰ ਸਤਿ ਵੰਤੀਆਂ ਸੀਤਾ ਆ ਕੇ ਛੁੜਾ ਜਾ।
ਹਜ਼ਾਰਾਂ ਦੇ ਲੈਹ ਗਏ ਨੇ ਫਿਰ ਚੀਰ ਕਾਹਨਾਂ,
ਤੂੰ ਫਿਰ ਆਨ ਚੱਕਰ ਸੁਦਰਸ਼ਨ ਚਲਾ ਜਾ।
ਜਾਂ ਬਣ ਕੇ ਤੂੰ ਦ੍ਰੁਪਤਾ ਦਾ ਫਿਰ ਲਾਡਲਾ ਆ,
ਤੇ ਪੈਗ਼ਾਮ ਏਕੇ ਦਾ ਫਿਰ ਆ ਸੁਣਾ ਜਾ।
ਤੇਰਾ ਦੇਸ਼ ਹੋਇਆ ! ਜੋ ਹੈ ਟੋਟੇ ਟੋਟੇ।
ਅਖੰਡ ਏਸ ਨੂੰ ਫੇਰ ਆ ਕੇ ਬਣਾ ਜਾ।

ਜੋ ਬੈਠੇ ਨੇ ਕਾਹਬੇ ਦੇ ਅੰਦਰ ਮਜਾਵਰ,
ਉਹਨਾਂ ਕੋਲੋਂ ਚਰਨਾਂ ਤੇ ਸਜਦੇ ਕਰਾ ਦੇ।
ਇਹ ਕਾਜ਼ੀ ਨਮਾਜ਼ੀ ਜੋ ਰਸਤੇ ਤੋਂ ਭੁੱਲੇ,
ਇਹਨਾਂ ਦੀਆਂ ਅੱਖੀਆਂ ਤੋਂ ਪੱਟੀ ਹਟਾ ਦੇ।
ਤੇ ਨਨਕਾਣਾਂ ਤੇਰਾ ਜੋ ਹੋਇਆ ਹੈ ਕੈਦੀ,
ਆ ਜ਼ਾਲਮ ਦੀ ਕੈਦੋਂ ਤੂੰ ਉਹਨੂੰ ਛੁੜਾ ਦੇ।
ਤਰਸਦੀ ਪਈ 'ਓਮ, ਸੰਗਤ ਹੈ ਤੇਰੀ,
ਤੂੰ ਸੰਗਤ ਨੂੰ ਫਿਰ ਆ ਕੇ ਦਰਸ਼ਨ ਦਿਖਾ ਦੇ।

——

ਲਭੇ ਨਾਂ ਮਿਸਾਲ ਦਸਮੇਸ਼ ਜੀ ਦੇ ਨਾਲ ਦੀ

(ਇਸ ਕਵਿਤਾ ਨੇ ੧੧-੧-੫੪ ਨੂੰ ਲੇਣ ਬਾਜ਼ਾਰ 'ਕਿਰਕੀ' ਪੂਨਾਂ ਵਿਖੇ ਇਕ ਭਾਰੀ ਇਨਾਮੀ ਕਵੀ ਦਰਬਾਰ ਵਿਚ ਪਹਿਲੇ ਦਰਜੇ ਦਾ ਇਨਾਮ ਪਰਾਪਤ ਕੀਤਾ)

ਝੁਕ ਝੁਕ ਚੁੰਮ ਲਵਾਂ, ਚਰਨਾਂ ਦੀ ਧੂੜ ਨੂੰ ਮੈਂ,
ਨਾਵੇਂ ਮੇਰੇ ਸ਼ਾਹਨਸ਼ਾਹ ਤੇ ਗੁਜਰੀ ਦੇ ਲਾਲ ਦੀ।
ਆਤਮਾ ਨੂੰ ਠੰਡ ਪੈਂਦੀ ਆਤਮਾ ਨਿਹਾਲ ਹੁੰਦੀ,
ਆਂਵਦਾ ਡਿਉੜੀ ਹੈ ਜੋ ਦੀਨਾਂ ਦੇ ਦਿਆਲ ਦੀ।
ਕਰਦਾ ਜੋ ਪਾਲਨਾਂ ਹੈ, ਜੱਗ ਨੂੰ ਉਹ ਪਾਲ ਕੇ ਤੇ,
ਸ਼ਾਨ ਹੈ ਨਿਰਾਲੀ ਮੇਰੇ ਸੋਹਣੇ ਕਿਰਪਾਲ ਦੀ।
ਚੰਨ ਕੋਲੋਂ ਸੋਹਣੇ ਅਜ ਮੁਖੜੇ ਨੂੰ ਵੇਖ ਕੇ ਤੇ,
ਝੁਕਦੀ ਏ ਧੌਣ ਪਈ ਆਕਾਸ਼ ਤੇ ਪਾਤਾਲ ਦੀ।
ਇਕ ਇਕ ਦਿਨ ਮੇਰਾ ਹੋ ਗਿਆ ਮਹੀਨਿਆਂ ਦਾ,
ਇਕ ਇਕ ਰਾਤ ਮੇਰੀ ਬੀਤੇ ਸਾਲ ਸਾਲ ਦੀ।
ਲਭ ਲਭ ਥਕਿਆ ਤੇ ਥਕ ਕੇ ਮੈਂ ਲਭ ਲਿਆ,
ਲਭੇ ਨਾ ਮਿਸਾਲ ਦਸਮੇਸ਼ ਜੀ ਦੇ ਨਾਲ ਦੀ।

ਜੂਹ ਚਮਕੌਰ ਦੀ ਵੀ ਮਿੱਠੀ ਮਿੱਠੀ ਸੁਰ ਨਾਲ,
ਘੋੜੀ ਪਈ ਏ ਗਾਂਵਦੀ ਅਜੀਤ ਤੇ ਝੁਜਾਰ ਦੀ।
ਆਨ, ਬਾਨ, ਸ਼ਾਨ ਦਾ ਨਾਂ ਸਾਨੀ ਏ ਜਹਾਨ ਵਿਚ,
ਹਸਤੀ ਹੈ ਪਾਕ ਮੇਰੇ ਗੁਰੂ ਕਰਤਾਰ ਦੀ।
ਜਿਹੜਾ ਧਰੇ ਚਰਨਾਂ ਤੇ ਸਿਰ ਉਹੋ ਤਰ ਜਾਵੇ,
ਗੋਦ ਵਿਚ ਆਣ ਬਵ੍ਹੇ ਜਿਹੜਾ ਵੀ ਦਾਤਾਰ ਦੀ।
ਅੱਖਾਂ ਵਿਚੋਂ ਨੀਰ ਪਿਆ ਨਦੀਆਂ ਵਗਾਂਵਦਾ ਏ,
ਵੇਖ ਕੇ ਨਿਸ਼ਾਨੀ ਸਰਹੰਦ ਦੀ ਦੀਵਾਰ ਦੀ।
ਝਖੜਾਂ ਤੂਫ਼ਾਨਾਂ ਵਿਚ ਮਹਿਲ ਕਦੀ ਡੋਲਦਾ ਨਹੀਂ,
ਜੇਹੜੀ ਕੌਮ ਬਚਿਆਂ ਨੂੰ ਨੀਹਾਂ ਵਿਚ ਢਾਲਦੀ।
ਕੰਧ ਸਰਹੰਦ ਦੀ ਵੀ ਅਜੇ ਤੋੜੀ ਆਖਦੀ ਏ,
ਲਭੇ ਨਾਂ ਮਿਸਾਲ ਦਸਮੇਸ਼ ਜੀ ਦੇ ਨਾਲ ਦੀ।

ਬੁਧੂ ਸ਼ਾਹ ਪੀਰ ਦਿਤੀ ਭੇਟ ਹੈ ਸੀ ਬਚਿਆਂ ਦੀ
ਪਿਆ ਇਤਿਹਾਸ ਅਜ ਦਸਦੈ ਨਿਸ਼ਾਨੀਆਂ।
ਮੇਰੇ ਕਰਤਾਰ ਤੇ ਪਿਆਰੇ ਦਾਤਾਰ ਦੀਆਂ,
ਛਿੜੀਆਂ ਨੇ ਹੇਮ ਕੁੰਡ ਵਿਚ ਵੀ ਕਹਾਣੀਆਂ।
ਪਿਆਰ ਵਾਲੇ ਗੀਤ ਉਹਦੇ ਰੱਜ ਰੱਜ ਗਾਏ ਅਜ,
ਸਰਸਾ, ਗੋਦਾਵਰੀ ਤੇ ਜਮਨਾਂ ਦੇ ਪਾਣੀਆਂ।
ਪਿਤਾ ਤਾਂਈ ਵਾਰ ਕੇ ਵੀ ਦਿਲੋਂ ਜ਼ਰਾ ਡੋਲਿਆ ਨਾਂ,
ਵੇਖੀਆਂ ਨੇ ਸ਼ੇਰ ਦੀਆਂ ਸੋਹਣੀਆਂ ਜਵਾਨੀਆਂ।

ਝੁਕਿਆ ਗ਼ਰੂਰ ਵਾਲਾ ਸਿਰ ਉਹਦੇ ਕਦਮਾਂ ਤੇ,
ਦਾਲ ਨਹੀਂ ਸੀ ਗਲੀ ਓਥੇ ਵੈਰੀਆਂ ਦੀ ਚਾਲ ਦੀ।
ਗੜ੍ਹੀ ਚਮਕੌਰ ਦੀ ਵੀ ਉਚੀ ਉਚੀ ਆਖਦੀ ਏ,
ਲਭੇ ਨਾ ਮਿਸਾਲ ਦਸਮੇਸ਼ ਜੀ ਦੇ ਨਾਲ ਦੀ।

ਕੇਸ ਗੜ੍ਹ ਲਾਇਆ ਸੀ ਦੀਵਾਨ ਜਦੋਂ ਸ਼ਹਿਨਸ਼ਾਹ ਨੇ,
ਸੀਸ ਧਰ ਤਲੀ ਪੰਜ ਨਿਕਲੇ ਜਵਾਨ ਨੇ।
ਦੇਵੀਆਂ ਤੇ ਕੰਜਕਾਂ ਦੀ ਲਾਜ ਨੂੰ ਬਚਾਣ ਲਈ,
ਖੇਲ ਚਾ ਵਿਖਾਏ ਓਹਦੀ ਸੋਹਣੀ ਕਿਰਪਾਨ ਨੇ।
ਭੁਲੀ ਹੋਈ ਦੁਨੀਆਂ ਨੂੰ ਰਸਤਾ ਵਿਖਾਣ ਲਈ,
ਚੱਪੇ ਚੱਪੇ ਬਣੇ ਹੋਏ ਉਹਦੇ ਅਸਥਾਨ ਨੇ।
ਸ਼ਾਨ ਹੈ ਨਿਹਾਲੀ ਉਹਦੇ ਪੰਥ ਤੇ ਗਰੰਥ ਦੀ ਵੀ,
ਥਾਂ ਥਾਂ ਤੇ ਝੂਲਦੇ ਪਏ ਸਿਖੀ ਦੇ ਨਿਸ਼ਾਨ ਨੇ।
'ਜੋਗੇ, ਦੇ ਪਿਆਰ ਵਿਚ ਬਣ ਗਿਆ ਪਹਿਰੇਦਾਰ,
ਪ੍ਰੀਤ ਹੈ ਨਿਰਾਲੀ ਮੇਰੇ ਸੋਹਣੇ ਪ੍ਰਤਪਾਲ ਦੀ।
ਅਪਣਾ ਹੀ ਰੂਪ ਜਿਨ੍ਹੇ ਖਾਲਸੇ ਨੂੰ ਬਖ਼ਸ਼ਿਆ ਏ,
ਲਭੇ ਨਾਂ ਮਿਸਾਲ ਦਸਮੇਸ਼ ਜੀ ਦੇ ਨਾਲ ਦੀ।

ਮੇਰਾ ਭਗਵਾਨ ਇਨਸਾਨ ਵਾਲੇ ਰੂਪ ਵਿਚ,
ਸੀਸ ਉਤੇ ਸੋਹਣੀ ਜਹੀ ਕਲਗੀ ਸਜਾਂਵਦਾ।
ਨੀਲੇ ਤੇ ਸਵਾਰ ਹੋ ਕੇ ਪਿਤਾ ਸੰਸਾਰ ਦਾ ਉਹ,
ਹਥ ਉਤੇ ਸੋਹਣੇ ਜਹੇ ਬਾਜ਼ ਨੂੰ ਉਡਾਂਵਦਾ।

ਬਣ ਗਿਆ ਬੰਨ੍ਹ ਹੈ ਸੀ ਕੌਮ ਦੇ ਨਸੀਬ ਦਾ ਉਹ,
ਬਨ ਬਨ ਰੁਲਿਆ ਤੇ ਦੁਖੜੇ ਉਠਾਂਵਦਾ।
ਰਖਦਾ ਜੋ ਸਿਰ ਨੂੰ ਹੈ ਗੁਰੂ ਦੇ ਹਜ਼ੂਰ ਵਿਚ,
ਤਰੇ ਭਵ ਸਾਗਰੋਂ ਤੇ ਮੁਕਤੀ ਹੈ ਪਾਂਵਦਾ।
'ਓਮ' ਬਲਿਹਾਰੀ ਤੇ ਮੈਂ ਵਾਰੀ ਜਾਵਾਂ ਲਖ ਵਾਰੀ,
ਜਿਹੜਾ ਸਾਰ ਲਵੇ ਆ ਕੇ ਦੁਖੀਆਂ ਦੇ ਹਾਲ ਦੀ।
ਧਰਤੀ ਆਕਾਸ਼ ਅਜ ਗੱਜ ਗੱਜ ਆਖਦੇ ਨੇ।
ਲਭੇ ਨਾਂ ਮਿਸਾਲ ਦਸਮੇਸ਼ ਜੀ ਦੇ ਨਾਲ ਦੀ।

———

ਦੁਹਾਈ

ਤੇਰੇ ਦਰਵਾਜ਼ਿਆਂ ਤੇ ਆਨ ਕੇ,
ਮੱਥੇ ਨੂੰ ਧਰਦਾ ਹਾਂ।
ਜਦੋਂ ਕੋਈ ਭੀੜ ਬਣ ਜਾਵੇ,
ਤੇ ਮੈਂ ਫ਼ਰਿਆਦ ਕਰਦਾ ਹਾਂ।

ਕਈ ਪ੍ਰਸ਼ਾਦ ਲੈ ਲੈ ਕੇ,
ਤੇਰੇ ਦਰਬਾਰ ਆਂਦਾ ਹਾਂ।
ਤੂੰ ਬਾਰਸ਼ ਮੇਹਰ ਦੀ ਕਰਨੈਂ,
ਮੁਰਾਦਾਂ ਮੰਗ ਪਾਂਦਾ ਹਾਂ।

ਜੇ ਇਕਲੌਤਾ ਕਦੀ, ਮਾਤਾ ਦਾ ਹੈ,
ਬੀਮਾਰ ਹੋ ਜਾਂਦਾ।
ਤੜਪਦੀ ਜਾਨ ਹੈ ਉਹਦੀ,
ਜੇ ਪੁਤ ਲਾਚਾਰ ਹੋ ਜਾਂਦਾ।

ਉਹ ਮੱਥੇ ਨੂੰ ਝੁਕਾਂਦੀ ਏ,
ਤੇਰੇ ਚਰਨਾਂ ਦੀ ਧੂੜੀ ਤੇ।
ਹੈ ਪੁਤਰ ਠੀਕ ਹੋ ਜਾਂਦਾ,
ਤੇ ਬੇੜਾ ਪਾਰ ਹੋ ਜਾਂਦਾ।

ਸਦਾ ਲਈ ਕੋਹੜਿਆਂ ਦਾ,
ਕੋੜ੍ਹ ਏਥੋਂ ਦੂਰ ਹੋ ਜਾਂਦੇ।
ਜੋ ਪਾਵੇ ਦਰਸ ਦੁਨੀਆਂ ਤੇ,
ਉਹ ਨੂਰੋ ਨੂਰ ਹੋ ਜਾਂਦੇ।

ਲਹੂ ਤੇ ਪਾਕ ਵਾਲਾ ਵੀ,
ਜਿਸਮ ਹੈ ਪਾਕ ਹੋ ਜਾਂਦਾ।
ਤੇਰੇ ਚਰਨਾਂ ਦੀ ਧੂੜੀ ਲਈ,
ਹੈ ਜੇਹੜਾ ਖ਼ਾਕ ਹੋ ਜਾਂਦਾ।

ਜੇ ਅੰਨ੍ਹਾਂ ਹੁੰਦਿਆਂ ਕੋਈ,
ਤੇਰੇ ਸੰਗ ਤਾਰ ਹੈ ਲਾਂਦਾ।
ਉਹ ਅੱਖਾਂ ਤੋਂ ਬਿਨਾਂ ਦਾਤਾ,
ਤੇਰਾ ਦੀਦਾਰ ਹੈ ਪਾਂਦਾ।

ਜੇ ਅੱਖਾਂ ਵਾਲੜਾ ਕੋਈ,
ਤੇਰੇ ਤੋਂ ਅੱਖ ਚੁਰਾ ਲੈਂਦੈ।
ਉਹ ਅੱਖਾਂ ਹੁੰਦਿਆਂ ਦਾਤਾ,
ਸਦਾ ਹੈ ਠੋਕਰਾਂ ਖਾਂਦਾ।

ਤੇਰੇ ਦਰਬਾਰ ਵਿਚ ਆ ਕੇ,
ਨਗੱ-ਤੇ ਗੱਤ ਪਾਂਦੇ ਨੇ।
ਤੇਰੇ ਚਰਨਾਂ ਦੀ ਧੂੜੀ ਤੋਂ,
ਨਪੱ-ਤੇ ਪੱਤ ਪਾਂਦੇ ਨੇ।

ਭਗਤ ਦੀ ਲਾਜ ਰਖਨ ਲਈ,
ਉਹਦਾ ਕਰਤਾਰ ਤੂੰ ਬਣਿਉਂ।
ਤੇ 'ਜੋਗੇ, ਆਪਣੇ ਦਾ ਆਪ,
ਪਹਿਰੇਦਾਰ ਤੂੰ ਬਣਿਉਂ।

ਤੇਰੇ ਇਤਿਹਾਸ ਵਿਚ ਮਿਲਦਾ,
ਤਅੱਸਬ ਦਾ ਵੀ ਵਰਕਾ ਨਹੀਂ।
ਤੇਰੇ ਦਰਬਾਰ ਵਿਚ ਹਿੰਦੂ,
ਤੇ ਮੁਸਲਮ ਦਾ ਤਫ਼ਰਕਾ ਨਹੀਂ।

ਤੇ 'ਬੁਧੂ ਸ਼ਾਹ', ਜਹੇ ਪੀਰਾਂ ਨੇ,
ਤੈਨੂੰ ਸਿਰ ਝੁਕਾਇਆ ਏ,
ਤੇਰੇ ਲਈ ਵਾਰ ਕੇ ਬੱਚੇ,
ਤੈਨੂੰ ਤੋਹਫ਼ਾ ਚੜ੍ਹਾਇਆ ਏ।

ਕਿਤੇ ਤੂੰ ਕੇਸ ਗੜ੍ਹ ਅੰਦਰ,
ਲਿਆ ਇਮਤਿਹਾਨ ਸ਼ੇਰਾਂ ਦਾ।
ਨਿਤਾਰੇ ਪੰਜ ਪਿਆਰੇ ਨੇ,
ਤੂੰ ਹੈਂ ਭਗਵਾਨ ਸ਼ੇਰਾਂ ਦਾ।

ਕਿਤੇ ਤੂੰ ਪੰਥ ਦੀ ਬੁਨਿਆਦ,
ਰਖੀ ਹਿੰਦ ਦੀ ਖ਼ਾਤਰ।

ਤੇਰਾ ਅਵਤਾਰ ਹੋਇਆ ਸੀ,
ਤੜਪਦੀ ਜਿੰਦ ਦੀ ਖ਼ਾਤਰ।

ਕਿਤੇ ਤੂੰ ਹੇਮ ਕੁੰਡ ਤੇ ਜਾ,
ਪਿਤਾ ਆਸਨ ਲਗਾਏ ਨੇ।
ਭੰਗਾਨੀ ਦੇ ਮਹੰਤ ਦਾਤਾ,
ਕਿਤੇ ਜੋਧੇ ਬਣਾਏ ਨੇ।

ਕਿਤੇ ਸਰਸਾ ਦੇ ਕੰਢੇ ਨੇ,
ਤੇਰਾ ਦੀਦਾਰ ਪਾਇਆ ਏ।
ਕਿਤੇ ਜਮਨਾ, ਦਾ ਪਾਣੀ ਵੀ,
ਤੇਰੇ ਚਰਨਾਂ 'ਚ ਆਇਆ ਏ।

ਕਿਤੇ ਗੋਦਾਵਰੀ, ਦੇ ਵਿਚ,
ਹੀਰੇ ਸੁੱਟ ਦਿਤੇ ਤੂੰ।
ਕਿਤੇ ਪਾਪਾਂ ਦੇ ਬੂਟੇ ਆਪ,
ਦਾਤਾ ਪੁੱਟ ਦਿਤੇ ਤੂੰ।

ਜਗਤ ਦੀ ਲਾਜ ਰਖਣ ਲਈ,
ਪਿਤਾ ਨੂੰ ਵਾਰ ਦਿਤਾ ਤੂੰ।
ਧਰਮ ਤੋਂ ਵਾਰ ਸਾਰਾ,
ਆਪਣਾ ਪਰਵਾਰ ਦਿਤਾ ਤੂੰ।

ਕਿਤੇ ਨੀਲੇ ਤੇ ਹੋ ਅਸਵਾਰ,
ਬਾਜ਼ਾਂ ਦਾ ਉਡਾਣਾਂ ਏਂ।

ਕਿਤੇ ਇੱਟਾਂ ਤੇ ਪੱਥਰਾਂ ਦਾ,
ਤੇਰਾ ਬਣਿਆ ਸਰ੍ਹਾਣਾ ਏ।
ਕਿਤੇ ਆਨੰਦ ਪੁਰ ਜਮਹੂਰੀਅਤ,
ਦਾ ਰਾਜ ਤੇਰਾ ਸੀ।
ਕਿਤੇ ਪੈਰਾਂ ਦੇ ਛਾਲੇ ਸੀ,
ਤੇਰਾ ਜੰਗਲਾਂ 'ਚ ਡੇਰਾ ਸੀ।

ਕਿਤੇ ਪਏ ਲਾਲ ਤੇਰੇ,
ਕੰਧ ਵਿਚ ਲੈਂਦੇ ਨਜ਼ਾਰੇ ਸੀ।
ਕਿਤੇ ਚਮਕੌਰ ਅੰਦਰ,
ਲਾਲ ਸੇਹਰੇ ਬੰਨ੍ਹ ਵਾਰੇ ਸੀ।
ਹੈ ਤੇਰੀ ਲੋੜ ਫਿਰ ਦਾਤਾ,
ਇਹ ਸਭ ਸੰਸਾਰ ਹੈ ਰੋਂਦਾ।
ਹਨੇਰੀ ਜ਼ੁਲਮ ਦੀ ਚੜ੍ਹ ਪਈ,
ਦੁਖੀ ਨਰ ਨਾਰ ਹੈ ਰੋਂਦਾ।
ਇਹ ਧਰਤੀ ਕੀਰਨੇ ਪਾ ਪਾ ਕੇ,
ਤੈਨੂੰ ਯਾਦ ਕਰਦੀ ਏ।
ਤੇ ਭਾਰਤ ਮਾਤ ਤੇਰੇ ਦਰ ਤੇ,
ਫਿਰ ਫ਼ਰਿਆਦ ਕਰਦੀ ਏ,
ਪਿਤਾ ਦੀਦਾਰ ਦੇ ਦੇ ਤੂੰ,
ਦੁਹਾਈ ਏ ਦੁਹਾਈ ਏ।
ਤੇਰੇ ਦਰਬਾਰ ਵਿਚ ਅਜ,
'ਓਮ', ਨੇ ਗਰਦਨ ਝੁਕਾਈ ਏ।

ਕੇਸਰੀ ਝੰਡਾ

ਇਹ ਨਾਨਕ ਤੇ ਨਿਰੰਕਾਰ ਦਾ ਕੇਸਰੀ ਏ,
ਤੇ ਸੁਲਤਾਨ ਸੋਢੀ ਨੇ ਇਸ ਨੂੰ ਝੁਲਾਇਆ।
ਗੁਰੂ ਗਰੰਥ ਤੇ ਪੰਥ ਦੀ ਸ਼ਾਨ ਖ਼ਾਤਰ,
ਏਹ ਦਸਮੇਸ਼ ਦਾਤੇ ਨੇ ਗਹਿਣਾ ਬਣਾਇਆ।
ਤਾਹੀਉਂ ਤਾਂ ਸ਼ੇਰਾਂ ਦਲੇਰਾਂ ਨੂੰ ਦਾਤੇ,
ਸੀ ਅੰਮ੍ਰਿਤ ਦਾ ਬਾਟਾ ਵੀ ਹਥੀਂ ਛਕਾਇਆ।
ਇਹ ਖ਼ਾਲਸ ਤੇ ਇਹਦੇ ਲਈ ਖ਼ਾਲਸਾ ਏ,
ਤੇ ਇਹਦੇ ਲਈ ਖ਼ਾਲਸਾ ਹੈ ਸਜਾਇਆ।

ਤੇ ਸਿੰਘਾਂ ਪਠਾਨਾਂ ਦੀ ਧਰਤੀ ਦੇ ਉਤੇ,
ਹੈ ਖੰਡੇ ਨੂੰ ਖੜਕਾਇਆ ਇਸ ਕੇਸਰੀ ਲਈ।
ਸੀ ਤੁਰਕਾਂ ਦੇ ਕੋਲੋਂ ਵੀ ਨਾਰਾਂ ਛੁੜਾਈਆਂ,
ਸੀ ਤੁਰਕਾਂ ਨੂੰ ਝਟਕਾਇਆ ਇਸ ਕੇਸਰੀ ਲਈ।

ਇਹਦੀ ਲਟਕ ਅੰਦਰ ਕਈ ਸ਼ੇਰ ਲਟਕੇ,
ਹੈ ਸਿਰ ਦਾਰ ਲਟਕਾਇਆ ਇਸ ਕੇਸਰੀ ਲਈ।
ਮੇਰੇ ਸ਼ੇਰੇ ਪੰਜਾਬ ਰੰਜੀਤ ਸਿੰਘ ਨੇ,
ਹੈ ਅਟਕਾਂ ਨੂੰ ਅਟਕਾਇਆ ਇਸ ਕੇਸਰੀ ਲਈ।

ਏਹਦੇ ਸਿਰ ਤੇ ਰਹਿੰਦਾ ਹੈ ਨਾਨਕ ਪਿਆਰਾ,
ਜੋ ਦੁਨੀਆਂ ਦੇ ਉਤੇ ਕਰੇ ਰੋਜ਼ ਛਾਵਾਂ।
ਕਈ ਬੇ ਗੁਨਾਹਾਂ ਦੀਆਂ ਨੇ ਅਸੀਸਾਂ।
ਸ਼ਹੀਦਾਂ ਦੇ ਖ਼ੂਨਾਂ ਦੀਆਂ ਨੇ ਦੁਆਵਾਂ।
ਏਹਦੇ ਗੀਤ ਗਾਏ ਨੇ ਰਾਵੀ ਤੇ ਸਤਲੁਜ,
ਅਤੇ ਬਿਆਸ ਜੇਹਲਮ ਤੇ ਨਾਲੇ ਝਨਾਵਾਂ।
ਇਹਦੇ ਸਿਰ ਤੋਂ ਲਖਾਂ ਈ ਬੱਚੇ ਨੇ ਵਾਰੇ,
ਤੇ ਨੇਜ਼ੇ ਤੇ ਬਚੇ ਟੰਗਾਏ ਸੀ ਮਾਵਾਂ।

ਤੇ ਲੱਖਾਂ ਈ ਕੱਖਾਂ ਦੇ ਵਾਂਗੂੰ ਰੁਲੇ ਨੇ,
ਇਹਦੇ ਵਾਸਤੇ ਲੱਖਾਂ ਬਿਪਤਾ ਉਠਾਈਆਂ।
ਸੀ ਹਥਾਂ ਚ ਕੜੀਆਂ ਤੇ ਪੈਰਾਂ ਚ ਬੇੜੀ,
ਤੇ ਜੇਲ੍ਹਾਂ ਦੇ ਅੰਦਰ ਸੀ ਚੱਕੀਆਂ ਚਲਾਈਆਂ।
ਤੇ ਲਾਈਨਾਂ ਦੇ ਉਤੇ ਵਛਾ ਦਿਤੇ ਸੀਨੇ,
ਸੀ ਇੰਜਨ ਵੀ ਡੱਕੇ ਤੇ ਗੱਡੀਆਂ ਠਹਿਰਾਈਆਂ।
ਮੈਂ ਸੋ ਵਾਰੀ ਉਹਨਾਂ ਤੋਂ ਜਾਂਦਾ ਹਾਂ ਵਾਰੀ,
ਜਿਨ੍ਹਾਂ ਕੇਸਰੀ ਲਈ ਨੇ ਕਿਰਤਾਂ ਕਮਾਈਆਂ।

ਦਸਵੇਂ ਗੁਰੂ ਮੇਰੇ ਦਸਮੇਸ਼ ਦਾਤੇ,
ਨੇ ਝੰਡੇ ਦੀ ਖ਼ਾਤਰ ਨਿਤਾਰੇ ਪਿਆਰੇ।
ਸੀ ਤੋੜਾ ਗਵਾਇਆ ਤੇ ਘੋੜਾ ਗਵਾਇਆ,
ਤੇ ਝੰਡੇ ਤੋਂ ਵਾਰੇ ਪਿਤਾ ਲਾਲ ਚਾਰੇ।
ਸੀ ਤਲੀਆਂ ਚ ਕੰਡੇ ਤੇ ਪੈਰਾਂ ਤੇ ਛਾਲੇ,
ਤਾਂ ਝੰਡੇ ਨੂੰ ਦਿਤੇ ਪਵਨ ਦੇ ਹੁਲਾਰੇ।
ਅਨੰਦਪੁਰ ਦੀ ਧਰਤੀ ਹੈ ਦੇਂਦੀ ਗਵਾਹੀ,
ਤੇ ਸਰਸਾ ਦਾ ਕੰਢਾ ਵੀ ਏਹੋ ਪੁਕਾਰੇ।

ਬੜੇ ਦੁਖ ਝਲੇ ਸੀ ਝੰਡੇ ਦੀ ਖ਼ਾਤਰ,
ਤੇ ਜਾਮਾਂ ਸ਼ਹਿਨਸ਼ਾਹ ਨੇ ਲੀਰਾਂ ਕਰਾਇਆ।
ਤੇ ਜੰਗਲਾਂ ਦੇ ਅੰਦਰ ਸੀ ਰੋੜਾਂ ਦੇ ਉਤੇ,
ਮੇਰੇ ਸ਼ਹਿਨਸ਼ਾਹ ਨੇ ਵਿਛੌਣਾਂ ਵਿਛਾਇਆ।
ਕੰਡਿਆਂ ਤੇ ਸੌਂ ਕੇ ਮੇਰੇ ਕਲਗੀ ਵਾਲੇ,
ਸੀ ਇਟਾਂ ਨੂੰ ਲੈ ਕੇ ਸਰਹਾਨਾ ਬਣਾਇਆ।
ਜੋ ਦੁਨੀਆਂ ਨੂੰ ਦੇਂਦਾ ਸ਼ਰਣ ਹੈ ਹਮੇਸ਼ਾਂ,
ਗੁਰੂ ਮੇਰਾ ਦੁਖੜੇ ਉਠਾਵਣ ਨੂੰ ਆਇਆ।

ਕਈ 'ਤਾਰੂ, ਤਰ ਗਏ ਨੇ ਭਵ ਸਾਗਰਾਂ ਚੋਂ,
ਏਹਦੀ ਅਣਖ ਗ਼ੈਰਤ ਬਚਾਵਨ ਦੇ ਕਾਰਨ।
ਕਦੀ ਆਰ ਕੀਤੀ ਨਾਂ ਆਰੇ ਦੇ ਥੱਲੇ,
ਫ਼ਰਜ਼ ਆਪਣੇ ਨੂੰ ਨਿਭਾਵਨ ਦੇ ਕਾਰਨ।

ਕਈ ਸ਼ੇਰ ਕੋਹਲੂ ਚ ਪੀੜੇ ਗਏ ਨੇ,
ਧਰਮ ਦੀ ਸ਼ਮ੍ਹਾਂ ਨੂੰ ਜਲਾਵਨ ਦੇ ਕਾਰਨ।
ਧਰਮ ਦੀ ਸ਼ਮ੍ਹਾਂ ਦੇ ਉਹ ਪਰਵਾਨੇ ਬਣ ਗਏ,
ਇਸੇ ਕੇਸਰੀ ਨੂੰ ਝੁਲਾਵਨ ਦੇ ਕਾਰਨ।

ਤੇ ਨਲਵੇ ਦੇ ਨਾਂ ਤੋਂ ਅਜੇ ਡਰ ਰਹੇ ਨੇ,
ਉਹ ਝੋਲੀ ਚ ਬੈਠੇ ਨਾਦਾਨਾਂ ਤੋਂ ਪੁਛੋ।
ਸੀ ਸਿੰਘਾਂ ਦੀ ਜੁੱਤੀ ਤੇ ਖ਼ਾਨਾਂ ਦੀ ਜੀਭਾ,
ਉਹ ਗ਼ਜ਼ਨੀ ਦੀ ਔਲਾਦ ਖ਼ਾਨਾਂ ਤੋਂ ਪੁਛੋ।
ਏਹਦੇ ਹੀ ਸਿਪਾਹੀਆਂ ਨੇ ਛਕੇ ਛੁੜਾਏ,
ਹੁਣੇ ਜਾ ਕੇ ਕੋਈ ਪਠਾਨਾਂ ਨੂੰ ਪੁਛੋ।
ਕਦੀ ਮੁਛ ਉਹਨਾਂ ਦੀ ਉਚੀ ਨਾਂ ਹੋਈ,
ਉਹਨਾਂ ਮੁਛ ਵਾਲੇ ਜਵਾਨਾਂ ਤੋਂ ਪੁਛੋ।

ਤੇ ਝੰਡੇ ਨੂੰ ਖ਼ੈਬਰ ਤੇ ਲਹਿਰਾਨ ਖ਼ਾਤਰ,
ਕੋਈ ਦਸਮੇਸ਼ ਦਾ ਫਿਰ ਪਿਆਰਾ ਉਠੇਗਾ।
ਜੋ ਰੇਤਾਂ ਤੇ ਮਿੱਟੀ ਚੋਂ ਸੋਨਾਂ ਨਿਤਾਰੇ,
ਮੇਰੀ ਕੌਮ ਚੋਂ ਕੋਈ ਨਿਆਰਾ ਉਠੇਗਾ।
ਹਰੀ ਸਿੰਘ ਨਲੂਆ ਕੋਈ ਜਾਗ ਪੈਣੈਂ,
ਗਿਰੀ ਕੌਮ ਦਾ ਕੋਈ ਸਹਾਰਾ ਉਠੇਗਾ।
ਰਤਨ ਕੋਈ ਅਨਮੋਲ ਮੁੜ ਕੇ ਉਠੇਗਾ,
ਮੇਰੇ ਪੰਥ ਦਾ ਕੋਈ ਤਾਰਾ, ਉਠੇਗਾ।

ਸੁਣਾਂ ਗਾ ਕਦੀ ਕੇਸਰੀ ਦੇ ਮੈਂ ਗਾਣੇ,
ਤੇ ਆਜ਼ਾਦ ਹੋਸਨ ਗੁਰੂ ਦੇ ਦੁਆਰੇ।
ਗੜ੍ਹੀ ਵੀ ਹੱਸੇਗੀ ਮੜ੍ਹੀ ਵੀ ਹਸੇਗੀ,
ਤੇ ਰਾਵੀ ਦੇ ਫਿਰ ਗੀਤ ਗਾਸਨ ਕਿਨਾਰੇ।
ਉਬਲਦੇ ਉਬਲਦੇ ਮੇਰੇ ਸੀਨੇ ਵਿਚੋਂ,
ਫਿਰ ਆ ਗਏ ਨੇ ਅੱਖੀਆਂ ਚ ਅਰਮਾਨ ਸਾਰੇ।
ਕਦੀ ਓਮ, ਵੇਖਾਂ ਮੈਂ ਜਮਰੌਦ ਉਤੇ,
ਪਿਆ ਕੇਸਰੀ ਦੇਵੇ ਦਾਤਾ ਨਜ਼ਾਰੇ।

ਧੂੜ

ਜੇ ਹਨੇਰੀ ਤੂਫ਼ਾਨਾਂ ਦੀ ਧੂੜ ਆਵੇ,
ਸਾਹ ਚਲਦਾ ਚਲਦਾ, ਰੁਕ ਜਾਵੇ।
ਧੂੜ ਝਾੜਦਾ ਝਾੜਦਾ ਕਪੜੇ ਦੀ,
ਝੜ ਝੜ ਕੇ ਤੈ ਬੰਦਾ ਮੁਕ ਜਾਵੇ।
ਧੂੜ ਅਖਾਂ ਚ ਪਵੇ ਤੇ ਬੰਦ ਹੋਵਨ,
ਪਵੇ ਮੂੰਹ ਅੰਦਰ ਗਲਾ ਸੂਕ ਜਾਵੇ।
ਧੂੜ ਮੋਟਰਾਂ ਦੀ ਕੋਲੋਂ ਡਰ ਕੇ ਤੇ,
ਬੰਦਾ ਰੁਖ ਪਿਛੇ ਝਟ ਲੁਕ ਜਾਵੇ।
ਧੂੜ ਜੱਗ ਦੀ ਛਾਣਦਾ ਛਾਣਦਾ ਹੀ,
ਬੰਦਾ ਬੋਰੀਆ ਬਿਸਤਰਾ ਚੁਕ ਜਾਵੇ।
'ਓਮ, ਗੁਰਾਂ ਦੇ ਚਰਨਾਂ ਦੀ ਧੂੜ ਉਤੇ,
ਮਥਾ ਆਦਮੀ ਦਾ ਆਪੇ ਝੁਕ ਜਾਵੇ।

———

ਸ਼ੇਰ ਜਵਾਨਾਂ

ਗਲ ਤੂੰ ਸੁਣ ਲੈ ਸ਼ੇਰ ਜਵਾਨਾਂ,
ਤੈਨੂੰ ਸਾਰੀ ਖੋਲ੍ਹ ਸੁਣਾਵਾਂ।
ਗੰਢੜੀ ਤੇਰੀ ਬੰਦ ਹੈ ਜਿਹੜੀ,
ਤੇਰੇ ਅਗੇ ਫੋਲ ਵਿਖਾਵਾਂ।
ਕੰਨਾਂ ਦੇ ਨੇ ਪਰਦੇ ਪਾਟੇ,
ਜਾਂ ਤੂੰ ਬੋਲਾ ਹੋ ਗਿਉਂ ਯਾਰਾ।
ਤੂੰ ਤਾਰੂ ਪਰ ਡੁਬਨਾਂ ਚਾਹਨੈਂ
ਨੇੜੇ ਹੈ ਨਹੀਂ ਦੂਰ ਕਿਨਾਰਾ।

ਕੰਵਲ ਦੇ ਵਾਂਗੂ ਨੈਨ ਨੇ ਤੇਰੇ,
ਨੈਣਾਂ ਦੇ ਵਿਚ ਨੂਰ ਹੈ ਦਿਸਦਾ।
ਨੂਰ ਦੇ ਅੰਦਰ ਮੂਸਾ ਦਿਸਦਾ,
ਮੂਸਾ ਵਿਚ ਕੋਹ ਤੂਰ ਹੈ ਦਿਸਦਾ।

ਛਲ ਛਲ ਕਰਦੀ ਦਿਸਦੀ ਮੈਨੂੰ,
ਤੇਰੀ ਹੈ ਪਈ ਨੈਣ ਕਟੋਰੀ।
ਜੋ ਚੰਦਾ ਗੁਰੂ ਨਾਨਕ ਤੇਰਾ,
ਤੂੰ ਹੈਂ ਉਹਦੀ ਚੰਨ ਚਕੋਰੀ।

ਤੇਰੇ ਉਤੇ ਨਾਜ਼ ਹੈ ਮੈਨੂੰ,
ਤੂੰ ਨਹੀਂ ਕਦੀ ਕਮੀਨਾ ਹੁੰਦਾ।
ਛਾਤੀ ਤੇਰੀ ਏਦਾਂ ਦਿਸੇ,
ਜਿਉਂ ਪਰਬਤ ਦਾ ਸੀਨਾਂ ਹੁੰਦਾ।

ਇਹ ਹੈ ਸਭ ਕਮਾਈ ਤੇਰੇ,
ਮਥੇ ਦੀ ਜੋ ਰੋਜ਼ ਨਿਵਾਏਂ।
ਜੇ ਚਾਹੇਂ ਤੂਫ਼ਾਨ ਲਿਆ ਕੇ,
ਧਰਤੀ ਤੇ ਆਕਾਸ਼ ਮਿਲਾਏਂ।

ਜਿਗਰਾ ਤੇਰਾ ਏਨਾਂ ਪੱਕਾ,
ਅਟਕ ਜਹੇ ਦਰਿਆ ਅਟਕਾਏ।
ਚਲਦੇ ਤੂੰ ਇੰਜਣ ਨੇ ਰੋਕੇ,
ਗੱਡੀਆਂ ਅਗੇ ਸੀਨੇ ਡਾਏ।

ਕੌਮ ਦੇ ਪਿਛੇ ਹਸ ਹਸ ਕੇ,
ਵਾਰੀ ਸੀ ਤੂੰ ਸੋਹਲ ਜਵਾਨੀ।
ਪਥਰ ਪਾਣੀ ਕਰ ਦਿਖਲਾਇਆ,
ਲੋਹਾ ਡਰ ਕੇ ਹੋਇਆ ਪਾਣੀ।

ਬਰ ਬਰ ਕੰਮਣ ਵੇਖ ਸਿਤਾਰੇ,
ਤੈਨੂੰ ਪਏ ਆਕਾਸ਼ ਦੇ ਉਤੇ।
ਚਲਦੀ ਵੇਖੀ ਵਿਚ ਮੈਦਾਨੀ,
ਤੇਗ਼ ਤੇਰੀ ਬਦਮਾਸ਼ ਦੇ ਉਤੇ।
ਦਲ ਵੈਰੀ ਦਾ ਜੰਗਲ ਨਦੀਆਂ,
ਚੀਰ ਕੇ ਸ਼ੇਰਾ ਦਲਦਾ ਜਾਵੇਂ।
ਨੰਗੇ ਪੈਰੀਂ ਫੁਲ ਸਮਝ ਕੇ,
ਕੰਡਿਆਂ ਉਤੇ ਚਲਦਾ ਜਾਵੇਂ।

ਤੀਰਾਂ ਉਤੇ ਸੌਂ ਜਾਨਾਂ ਏਂ,
ਸੇਜ ਸਮਝ ਕੇ ਸ਼ੇਰ ਜਵਾਨਾਂ।
ਸਿਰ ਨੂੰ ਹਸ ਕੇ ਦਾਰ ਤੇ ਟੰਗੇਂ,
ਜਾਣੇ ਤੈਨੂੰ ਕੁਲ ਜ਼ਮਾਨਾਂ।
ਤੂੰ ਹੈਂ ਓਸ ਦਾਤੇ ਦਾ ਬੱਚਾ,
ਜਿਹੜਾ ਬਿਲਕੁਲ ਨਾ ਘਬਰਾਇਆ।
ਤੱਤੀਆਂ ਰੇਤਾਂ ਵਿਚ ਨਹਾਤਾ,
ਤੱਤੀ ਤਵੀ ਤੇ ਆਸਨ ਲਾਇਆ।

ਕੀਤੀ ਦੇਗ ਫ਼ਤ੍ਹੇ ਦਾਤੇ ਨੇ,
ਖਾਂਦੇ ਦੇਗਾਂ ਵਿਚ ਉਬਾਲੇ।
ਧਨ ਗੁਰੂ ਨਾਨਕ ਧਨ ਗੁਰੂ ਨਾਨਕ,
ਜਪਦੇ ਰਹੇ ਸੀ ਤਨ ਦੇ ਛਾਲੇ।

ਸੂਰ ਬੀਰ ਹੈਂ ਸ਼ੇਰ ਜਵਾਨਾਂ,
ਸਿਰ ਤੇਰੇ ਤੇ ਚਲੇ ਆਰੇ।
ਨਦੀਆਂ ਵਿਚ ਤੂੰ ਖ਼ੂਨ ਵਗਾਏ,
ਹੱਥੀਂ ਵਾਰੇ ਲਾਲ ਦੁਲਾਰੇ।

ਕਈ ਵਾਰ ਤੂੰ ਸੂਲੀ ਚੜ੍ਹਿਆ,
ਜੀਂਦੇ ਜੀਅ ਤੂੰ ਚੰਮ ਲਹਾਏ।
ਲਾਹ ਕੇ ਸੀਸ ਤਲੀ ਤੇ ਧਰਿਆ,
ਧਰਮ ਲਈ ਬੰਦ ਬੰਦ ਕਟਾਏ।
ਪੁਤਰ ਤੂੰ ਦਸਮੇਸ਼ ਪਿਤਾ ਦਾ,
'ਸਭਰਾਵਾਂ' ਦੀ ਮਿੱਟੀ ਕਹਿੰਦੀ।
ਕਢ ਕੇ ਖ਼ੂਨ ਕਲੇਜੇ ਦਾ,
ਤੂੰ ਵੀਰਾ ਲਾਈ ਹਥੀਂ ਮਹਿੰਦੀ।

ਸਿੱਕੇ ਤੇਰੇ ਚੱਲੇ ਏਥੇ,
ਇਹ ਮੈਨੂੰ ਲਾਹੌਰ ਨੇ ਦਸਿਆ।
'ਕਾਬਲ' ਤੇ 'ਕੰਧਾਰ' ਸੀ ਤੇਰਾ,
ਇਹ 'ਨਲੂਏ' ਦੇ ਦੌਰ ਨੇ ਦਸਿਆ।
ਅੱਖਾਂ ਹੁੰਦਿਆਂ ਬਨਿਉਂ ਅੰਨ੍ਹਾਂ,
ਵਾਂਗ ਸੁਜਾਖੇ ਵੇਂਹਦਾ ਕਿਉਂ ਨਹੀਂ।
ਦੇਸ਼ ਕੌਮ ਦੀ ਭੀੜਾ ਵੇਲੇ,
ਸੀਸ ਗੁਰੂ ਨੂੰ ਦੇਂਦਾ ਕਿਉਂ ਨਹੀਂ।

[illegible]

ਪੈਦਾ ਕਰ

ਘਟ ਘਟ ਦਾ ਤੂੰ ਅੰਤਰ ਜਾਮੀ,
ਸੀਸ ਝੁਕਾਇਆ ਤੇਰੇ ਦੁਆਰੇ।
ਕੋਈ ਤਰਲਾ ਤੇ ਹਾੜਾ ਸੁਣ ਲੈ,
ਦੁਨੀਆਂ ਬੈਠੀ ਤੇਰੇ ਸਹਾਰੇ।
ਦੂਰ ਦੇਸ਼ ਦੇ ਅੰਦਰ ਤੈਨੂੰ,
ਤੜਪ ਰਹੀ ਆਵਾਜ਼ ਪੁਕਾਰੇ।
ਨੀਲੇ ਘੋੜੇ ਵਾਲੇ ਮਾਹੀ,
ਕਲਗੀਧਰ ਦਸਮੇਸ਼ ਪਿਆਰੇ।
ਚਿੱਟੇ ਬਾਜ਼ਾਂ ਵਾਲੇ ਦਾਤਾ,
ਸ਼ਹਿਨਸ਼ਾਹ ਗੁਰ ਤੇਗ਼ ਦੁਲਾਰੇ।
ਤਾਰਿਆਂ ਕੋਲੋਂ ਵਧ ਕੇ ਤਾਰੇ,
ਗੁਜਰੀ ਦੇ ਨੈਨਾਂ ਦੇ ਤਾਰੇ।

ਨੈਨ ਪਿਆਸੇ ਤਰਸ ਰਹੇ ਨੇ,
ਮਾਹੀ ਤਿਰੇ ਦੀਦਾਰ ਦੀ ਖ਼ਾਤਰ।
ਕਈ ਦੀਵਾਨੇ ਤੜਪ ਰਹੇ ਨੇ,
ਬਾਂਕੇ ਜਹੇ ਦਿਲਦਾਰ ਦੀ ਖ਼ਾਤਰ।
ਆਸ ਲਗਾਈ ਫ਼ੌਜਾਂ ਨੇ,
ਹੈ ਸੋਹਣੇ ਸਿਪਾ-ਸਾਲਾਰ ਦੀ ਖ਼ਾਤਰ।
ਮਾਲਾ ਮਣਕੇ ਸਿਮਰ ਰਹੇ ਨੇ,
ਨਰ ਨਾਰੀ ਕਰਤਾਰ ਦੀ ਖ਼ਾਤਰ।
ਲੱਖਾਂ ਅੱਖਾਂ ਤਰਸਨ ਪਈਆਂ,
ਦਰਸ਼ਨ ਦੀ ਝਲਕਾਰ ਦੀ ਖ਼ਾਤਰ।
ਧਰਤੀ ਅਜ ਪੁਕਾਰੇ ਦਾਤਾ,
ਦੇ ਦਰਸ਼ਨ ਉਪਕਾਰ ਦੀ ਖ਼ਾਤਰ।

ਸੁਣਿਆਂ ਏਂ ਕਿ ਚਿੜੀਆਂ ਕੋਲੋਂ,
ਦਾਤਾ ਬਾਜ਼ ਤੁੜਾਏ ਸੀ ਤੂੰ।
ਦੇਸ਼ ਦੀ ਕਾਇਆਂ ਪਲਟਨ ਖ਼ਾਤਰ,
ਗਿਦੜੋਂ ਸ਼ੇਰ ਬਣਾਏ ਸੀ ਤੂੰ।
ਕੌਮ ਵਤਨ ਦੀ ਦੇਵੀ ਖ਼ਾਤਰ,
ਪਿਆਰੇ ਪਿਤਾ ਕੁਹਾਏ ਸੀ ਤੂੰ।
ਬਚਿਆਂ ਨੂੰ ਕੰਧੀਂ ਚਿਣਵਾਇਆ,
ਦੋ ਚਮਕੌਰ ਲੁਟਾਏ ਸੀ ਤੂੰ।

ਅਰਬਾਂ ਖਰਬਾਂ ਪਾਪੀ ਤਾਰੇ,
ਡੁਬਦੇ ਪਾਰ ਚੜ੍ਹਾਏ ਸੀ ਤੂੰ।
ਦਿਤਾ ਲਿਖ ਬੇਦਾਵਾ ਜਿਨ੍ਹਾਂ,
ਓਹ ਵੀ ਸੀਨੇ ਲਾਏ ਸੀ ਤੂੰ।

ਸੰਗਤਾਂ ਕਰ ਕਰ ਆਦਰ ਆਖਣ,
ਫਿਰ ਗੁਰ ਤੇਗ਼ ਬਹਾਦਰ ਆਵੇ।
ਫਿਰ ਉਹ ਪਰਦੇ ਪਾਵਣ ਵਾਲੀ,
ਹਿੰਦ ਦੀ ਚਿੱਟੀ ਚਾਦਰ ਆਵੇ।

ਤੇਗ ਬਹਾਦਰ ਆਏ ਤੇ,
ਅਰਸ਼ਾਂ ਦੇ ਤਾਰੇ ਮਿਲ ਜਾਸਣ।
ਤੇ ਦੁਨੀਆਂ ਦੇ ਸਿਰਤਾਜ ਪਿਤਾ,
ਦਸਮੇਸ਼ ਪਿਆਰੇ ਮਿਲ ਜਾਸਣ।
ਏਹ ਨੈਣ ਪਿਆਸੇ ਰਜਣ ਗੇ,
ਤੇ ਚਾਰ ਦੁਆਰੇ ਮਿਲ ਜਾਸਣ।
ਨਨਕਾਣੇ ਸਾਹਿਬ ਦੀ ਧਰਤੀ ਦੇ,
ਇਕ ਵਾਰ ਨਜ਼ਾਰੇ ਮਿਲ ਜਾਸਣ।
ਫਿਰ ਸਣੇ ਹੀਰ ਦੇ ਰਾਂਝੇ ਨੂੰ,
ਉਹ ਤਖ਼ਤ ਹਜ਼ਾਰੇ ਮਿਲ ਜਾਸਣ।
ਤੇ 'ਓਮ' ਗੁਰੂ ਦੀ ਸੰਗਤ ਨੂੰ,
ਫਿਰ ਪ੍ਰੇਮ ਹੁਲਾਰੇ ਮਿਲ ਜਾਸਣ।

———

ਬਦਲ ਦੇ

ਬਦਲਦੀ ਏ ਦੁਨੀਆਂ ਤੇ ਬੇਸ਼ਕ ਬਦਲ ਜਾਏ,
ਤੇਰੇ ਧਰਮ ਦਾ ਪਰ ਤਰਾਨਾਂ ਨਾ ਬਦਲੇ।
ਸਮ੍ਹਾਂ ਰੂਪ ਬਦਲੇ ਹਜ਼ਾਰਾਂ ਈ ਭਾਵੇਂ,
ਕਦੀ ਉਹਦਾ ਪ੍ਰੇਮੀ ਨਾ ਪ੍ਰਵਾਨਾਂ ਬਦਲੇ।
ਤੇ ਜੰਗਲ ਦੇ ਅੰਦਰ ਮੁਸੀਬਤ ਉਠਾ ਕੇ,
ਜੋ ਪਕੇ ਸ਼ਿਕਾਰੀ ਨਿਸ਼ਾਨਾ ਨਾ ਬਦਲੇ।
ਖ਼ੁਦਾ ਦੀ ਖ਼ੁਦਾਈ ਬਦਲ ਜਾਏ ਬੇਸ਼ਕ।
ਕਦੀ ਕਲਗੀ ਧਰ ਦਾ ਦੀਵਾਨਾ ਨਾ ਬਦਲੇ।

ਤੂੰ ਉਠ ਪ੍ਰੇਮ ਗੰਗਾ ਵਗਾ ਦੇ ਜਹਾਂ ਤੇ,
ਤੇ ਹਰ ਇਕ ਨਦੀ ਨਾਲੇ ਨਾਲਾ ਬਦਲ ਜਾਏ।
ਤੇ ਆਪਣੇ ਧਰਮ ਦੀ ਤੂੰ ਸੇਵਾ ਦੀ ਖ਼ਾਤਰ।
ਇਹ ਆਪਣੀ ਜਗ੍ਹਾ ਤੋਂ ਹਿਮਾਲਾ ਬਦਲ ਦੇ।

ਜੋ ਜੰਮੀ ਬਰਫ਼ ਹੈ ਜਵਾਨਾਂ ਦੇ ਅੰਦਰ,
ਤੂੰ ਬਾਵੇਂ ਬਰਫ਼ ਦੀ ਜਵਾਲਾ ਬਦਲ ਦੇ।
ਗ਼ਰੀਬਾਂ ਦੇ ਫੱਟੇ ਤੂੰ ਚੋਲੇ ਬਦਲ ਦੇ।
ਭਿਖਾਰੀ ਦੇ ਹਥੋਂ ਪਿਆਲਾ ਬਦਲ ਦੇ।

ਸ਼ਿਪਾਹੀਆ ਸਪਾਧਾ ਨਾ ਬਣ ਬੀਰ ਬਣ ਜਾ,
ਤੇ ਸੱਪਾਂ ਦੀਆਂ ਹੁਣ ਪ੍ਰੀਤਾਂ ਬਦਲ ਦੇ।
ਜਜ਼ਬ ਕਰ ਕੇ ਆਪਣਾ ਤੂੰ ਜਜ਼ਬਾ ਵਿਖਾ ਦੇ।
ਤੇ ਦੁਨੀਆਂ ਦਿਆਂ ਸਭ ਕੁਰੀਤਾਂ ਬਦਲ ਦੇ।

ਬਦਲ ਦੇ ਬਦਲ ਦੇ ਤੂੰ ਉਠ ਨੌਜਵਾਨਾਂ,
ਏ ਡਿੰਗੀਆਂ ਤੇ ਪੁਠੀਆਂ ਤੂੰ ਰੀਤਾਂ ਬਦਲ ਦੇ।
ਤੂੰ ਬੰਦੇ ਨੂੰ ਬੰਦੇ ਦਾ ਬੰਦਾ ਬਣਾ ਦੇ,
ਤੇ ਇਨਸਾਨ ਘਾਤਕ ਤੂੰ ਨੀਤਾਂ ਬਦਲ ਦੇ।

ਜੇਹੜੇ ਢੋਲ ਵਜਦੇ ਜ਼ਮਾਨੇ ਤੇ ਸੁਨਣੈਂ,
ਤੂੰ ਢੋਲਾਂ ਦੀ ਉਠ ਕੇ ਢਲਕ ਨੂੰ ਬਦਲ ਦੇ।

ਏਹ ਝਲਕਾਰ ਬਦਲੀ ਜ਼ਮਾਨੇ ਨੇਂ ਜੇਹੜੀ,
ਤੂੰ ਦੁਨੀਆਂ ਦੀ ਬਦਲੀ ਝਲਕ ਨੂੰ ਬਦਲ ਦੇ।

ਤੇ ਉਠ ਨੌਜਵਾਨਾ ਤੂੰ ਗਾ ਕੇ ਤਰਾਨਾ,
ਬਦਲ ਦੇ ਜ਼ਮਾਨਾ ਖ਼ਲਕ ਨੂੰ ਬਦਲ ਦੇ।

ਝਲਕ ਨੂੰ ਬਦਲ ਕੇ ਖ਼ਲਕ ਨੂੰ ਬਦਲ ਦੇ,
ਖ਼ਲਕ ਨੂੰ ਬਦਲ ਕੇ ਫ਼ਲਕ ਨੂੰ ਬਦਲ ਦੇ।

★

ਪੰਜਾਬੀ ਦੇ ਪ੍ਰਸਿਧ ਕਵੀ ਸ਼ਿਰੀ ਤਾਰਾ ਚੰਦ ਜੀ 'ਆਜ਼ਾਦ'
ਦੀਆਂ ਚੋਣਵੀਆਂ, ਇਨਾਮੀ ਕਵਿਤਾਵਾਂ ਦੀ ਪੁਸਤਕ

ਤੇਗਾਂ ਦੀ ਛਾਵੇਂ

ਛਪ ਕੇ ਹਥੋ ਹਥੀ ਵਿਕ ਰਹੀ ਹੈ!

ਇਸ ਪੁਸਤਕ ਵਿਚ 'ਆਜ਼ਾਦ' ਜੀ ਦੀਆਂ ਧਾਰਮਕ, ਪੋਲੀਟੀਕਲ ਸੋਸ਼ਲ, ਬੀਰ ਰਸ, ਹਾਸ ਰਸ ਤੇ ਪੰਜਾਬੀਆਂ ਦੀ ਅਣਖ ਨੂੰ ਟੁੰਬਣ ਵਾਲੀਆਂ ਉਹ ਕਵਿਤਾਵਾਂ ਹਨ ਜਿਨ੍ਹਾਂ ਨੇ ਕਈ ਵਾਰੀ ਸਟੇਜ ਤੇ ਮਾਣ ਪ੍ਰਾਪਤ ਕਰਕੇ ਇਨਾਮ ਪ੍ਰਾਪਤ ਕੀਤੇ ਹਨ। ਅਜ ਹੀ ਮੰਗਾਓ।

ਮੁਲ ੧।।) ਡਾਕ ਖਰਚ ਵਖਰਾ

ਇਹ ਪੁਸਤਕ ਹਰ ਚੰਗੇ ਬੁਕ ਸਟਾਲ ਤੋਂ ਮਿਲ ਸਕਦੀ ਹੈ।

ਜਾਂ ਇਸ ਪਤੇ ਤੋਂ ਮੰਗਾਓ—

ਤਾਰਾ ਚੰਦ 'ਆਜ਼ਾਦ', ਆਜ਼ਾਦ ਕਵੀ ਕੁਟੀਆ

ਆਰਾਮ ਨਗਰ, ਨਵੀਂ ਦਿੱਲੀ।

में पहुंचिये," नीना शेस्तोंवा ने आदेश दिया। अब सभी
...र करता था। रोगिणी को बेहोशी की अवस्था में से
"कितनी ख़ुशक़िस्मती की बात है कि नीना मेरे साथ है,"

दोनों सहेलियों के
प्रदेश में ही तो
..."रक्तदाता
लिए तैयारी कीजिये।"

और स्त्री-रोग-विशेषज्ञ आगे आये। दोनों ही बेचैन नज़र आ रहे थे... बैठने जा रहे हों।

... खोलते हुए कहा: "इंजेक्शन द्वारा संवेदनाहारक दे दिया

... आपरेशन-रूम में आपरेशन-टेबुल पर अपनी जगह ले ली। स्फूर्ती ... ठहरी, चट्टान की तरह दृढ़। तुरन्त ही वे भावी आपरेशन में ... लीन हो गयीं।

...ल इंस्टीट्यूट में तीसरा वर्ष। प्रोफ़ेसर ...व आपरेशन कर रहे ...की-सी, तेज ... से वे नश्तर चलाते हैं। अचानक आपरेशन-...लट जाता है... मानो सपने में अकुलीना को अपनी सहेली की आवाज़ ... है: "पगली कहीं की, डर किस बात का है? उठ, जल्दी से उठ!"

... में मास्को में बड़ा बुरा और अकेलापन लगता था। महानगरी से ... था। लेकिन फिर कुछ लड़कियों से उनकी दोस्ती हो गयी और ...फिर ... लगा।

...हली सहेली तेजमिजाज स्पेनी लड़की आन्ना-मरीया थी। उसके ... से दोस्ती हुई, जिसकी अकुलीना की ज़िन्दगी में कभी ...ह थी। ..., बड़ी-बड़ी आंखें, गालों पर गुल, जिन्हें छूने को मन ... मास्कोवाली थी, जो कभी मास्को के निकटवर्ती क़सबे ... गयी थी।

...रीक्षा के बाद जब नये डाक्टरों की नियुक्तियां की जा रही थीं, तो ...कूतिया भेज जाने का अनुरोध किया।

...के स्वास्थ्य-मन्त्रालय में दोनों सहेलियां एक ही अनुरोध लेकर गयीं: ... भेज दीजिये, मगर साथ-साथ।"

"... दोनों को साथ-साथ ही भेजूंगा," स्वास्थ्य-मन्त्री पावेल

... के लिए था ... ने फैलकर जैसे चेहरे को मास्क के ...

"शान्ति है!" अकुलीना ने कहा ... आपरेशन-रूम की निस्तब्धता में यह आ... कि जैसे वे अकस्मात ... चीख पड़ी ...

डाक्टर कोलेसोवा न्यूर्बा-कोलीम्स्क-अस्पताल में ...

